MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 12 SATURDAY, 25 MARCH, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਪਿਛਲੇ ਸਾਲ ਕੈਨੇਡਾ ਦੀ ਆਬਾਦੀ ਵਿਚ 10 ਲੱਖ ਦਾ ਵਾਧਾ-ਪਿਛਲੇ ਸਾਰੇ ਰਿਕਾਰਡ ਮਾਤ ਕੀਤੇ



ਸਰੀ (ਹਰਦਮ ਮਾਨ)-ਕੈਨੇਡਾ ਦੀ ਆਬਾਦੀ ਵਿਚ 1 ਜਨਵਰੀ, 2022 ਤੋਂ 1 ਜਨਵਰੀ, 2023 ਤੱਕ 10 ਲੱਖ ਲੋਕਾਂ ਦਾ ਵਾਧਾ ਹੋਇਆ ਹੈ ਜਿਸ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਸਟੈਟਿਸਟਿਕਸ ਕੈਨੇਡਾ ਵੱਲੋਂ ਇਸ ਹਫ਼ਤੇ ਜਾਰੀ ਕੀਤੇ ਗਏ ਅੰਕੜਿਆਂ ਸਾਲ 2022 ਵਿਚ ਕੈਨੇਡਾ ਦੀ ਆਬਾਦੀ ਵਿਚ 1,050,110 ਦਾ ਵਾਧਾ ਹੋਇਆ ਹੈ ਜਿਸ ਨਾਲ 1 ਜਨਵਰੀ, 2023 ਨੂੰ ਕੈਨੇਡਾ ਦੀ ਆਬਾਦੀ 39,566,248 ਹੋ ਗਈ ਹੈ। ਆਬਾਦੀ ਵਿਚ ਹੋਇਆ ਇਹ ਵਾਧਾ ਕੈਨੇਡਾ ਦੇ ਇਤਿਹਾਸ ਵਿੱਚ 12-ਮਹੀਨਿਆਂ ਵਿਚ ਵਾਧਾ ਹੋਣ ਦਾ ਪਹਿਲਾ ਰਿਕਾਰਡ ਬਣ ਗਿਆ ਹੈ। 2022 ਵਿੱਚ ਕੈਨੇਡਾ ਦੀ ਜਨਸੰਖਿਆ ਵਧਣ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਪ੍ਰਵਾਸ ਦੱਸਿਆ ਗਿਆ ਹੈ। ਕੈਨੇਡਾ 2022 ਵਿੱਚ ਜਨਸੰਖਿਆ ਵਾਧੇ ਲਈ ਜੀ-7 ਦੇਸ਼ਾਂ ਵਿੱਚ ਸਭ ਤੋਂ ਅੱਗੇ ਹੈ। ਇਹ ਵੀ ਕਿਹਾ ਗਿਆ ਹੈ ਕਿ ਜੇਕਰ ਆਬਾਦੀ ਦੇ ਵਾਧੇ ਦੀ ਇਹ ਦਰ ਇਸੇ ਤਰਾਂ ਬਰਕਰਾਰ ਰਹੀ ਤਾਂ *(ਬਾਕੀ ਸਫਾ 8 'ਤੇ)*

### ਜਗਮੀਤ ਸਿੰਘ ਫਾਰਮਕੇਅਰ ਨੂੰ ਲੈ ਕੇ ਨਿਰਾਸ਼

# ਐਨ.ਡੀ.ਪੀ. ਵਲੋਂ ਲਿਬਰਲ ਸਰਕਾਰ ਦੀ ਹਮਾਇਤ ਬਜਟ ਉਮੀਦਾਂ 'ਤੇ ਨਿਰਭਰ

ਓਟਵਾ-ਲਿਬਰਲ ਅਤੇ ਐਨ ਡੀ ਪੀ ਇਸ ਮਹੀਨੇ ਦੇ ਅਖੀਰ ਵਿਚ ਪੇਸ਼ ਕੀਤੇ ਜਾਣ ਵਾਲੇ 2023 ਬਜਟ ਤੋਂ ਪਹਿਲਾਂ ਕੌਮੀ ਫਾਰਮਕੇਅਰ ਦੀਆਂ ਆਸਾਂ ਨੂੰ ਘੱਟ ਕਰਦੇ ਹੋਏ ਡੈਂਟਲ ਕੇਅਰ (ਦੰਦਾਂ ਦੀ ਦੇਖਭਾਲ) ਦੇ ਵਿਸਤਾਰ ਅਤੇ ਰਹਿਣ ਸਹਿਣ ਦੇ ਖਰਚ ਵਿਚ ਮਦਦ 'ਤੇ ਜ਼ੋਰ ਦੇ ਰਹੇ ਹਨ। 23 ਮਾਰਚ ਦਾ ਬਜਟ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐਨਡੀਪੀ ਨੇਤਾ ਜਗਮੀਤ ਸਿੰਘ ਵਿਚਕਾਰ ਇਕ ਸਾਲ ਪਹਿਲਾਂ ਹੋਏ ਸਮਝੌਤੇ 'ਤੇ ਪ੍ਰਗਤੀ ਲਈ ਮੁੱਖ ਚਿੰਨ ਹੋਵੇਗਾ। ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਵਿਚ ਨੀਤੀਗਤ ਰਿਆਇਤਾਂ ਬਦਲੇ ਐਨਡੀਪੀ ਨੇ 2025 ਤਕ ਘੱਟਗਿਣਤੀ ਲਿਬਰਲ ਸਰਕਾਰ ਨੂੰ ਸੱਤਾ ਵਿਚ ਬਣਾਈ ਰੱਖਣ ਲਈ ਸਮਰਥਨ ਦਿੱਤਾ ਹੋਇਆ ਹੈ। ਸਮਝੌਤੇ ਤਹਿਤ ਜਗਮੀਤ ਸਿੰਘ ਨੇ ਲਿਬਰਲਜ਼ ਤੋਂ ਘੱਟ ਆਮਦਨ ਵਾਲੇ ਲੋਕਾਂ ਲਈ ਡੈਂਟਲ ਕੇਅਰ ਪ੍ਰੋਗਰਾਮ ਅਤੇ ਡਾਕਟਰਾਂ ਵਲੋਂ ਲਿਖੀਆਂ ਦਵਾਈਆਂ ਜ਼ਿਆਦਾ ਕਿਫਾਇਤੀ ਕਰਨ ਦਾ ਵਾਅਦਾ ਲਿਆ ਸੀ। ਹੁਣ ਉਨ੍ਹਾਂ ਦਾ ਕਹਿਣਾ ਕਿ ਫਾਰਮਕੇਅਰ ਦੀ ਉਹ ਗੱਲ ਨਹੀਂ ਬਣੀ ਜਿਸ ਦੀ ਉਨ੍ਹਾਂ ਆਸ ਕੀਤੀ ਸੀ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬਜਟ ਵਿਚ ਡੈਂਟਲ ਕੇਅਰ ਵਿਸਥਾਰ ਦਾ ਵਾਅਦਾ ਸ਼ਾਮਿਲ ਹੈ ਜਿਸ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਯੋਜਨਾ ਸਪਲਾਇਰ ਵਜੋਂ ਕੁਆਲੀਫਾਈ ਕਰਨ ਲਈ ਕੰਪਨੀਆਂ ਨੂੰ ਸੱਦਾ ਦੇਣ ਵਾਲਾ ਟੈਂਡਰ ਪਹਿਲਾਂ ਹੀ ਜਾਰੀ ਕਰ ਦਿੱਤਾ ਹੈ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਬਜਟ ਵਿਚ ਐਨਡੀਪੀ ਦੀ ਬੇਨਤੀ ਮੁਤਾਬਿਕ ਕਿਫਾਇਤੀ ਉਪਾਅ ਵੀ ਸ਼ਾਮਿਲ ਹੋਣਗੇ। ਫਾਰਮਕੇਅਰ ਦੇ ਮਾਮਲੇ ਵਿਚ ਲਿਬਰਲਜ਼ ਸਮਝੌਤੇ ਵਿਚ ਲਿਖੇ ਵਿਸ਼ੇਸ਼ ਕਦਮਾਂ ਪ੍ਰਤੀ ਵਚਨਬੱਧ ਹੈ ਪਰ ਬਜਟ ਵਿਚ ਹਾਲ ਦੀ ਘੜੀ ਫੁਲ ਫਾਰਮਕੇਅਰ ਯੋਜਨਾ ਸ਼ੁਰੂ ਨਹੀਂ ਹੋਵੇਗੀ ਜਿਸ ਦਾ ਐਨਡੀਪੀ ਨੇ ਸੱਦਾ ਦਿੱਤਾ ਹੈ। ਇਕ ਦੂਸਰੇ ਸੂਤਰ ਨੇ ਦੱਸਿਆ ਕਿ ਸਰਕਾਰ ਮੌਜੂਦਾ ਸਮੇਂ ਮੁਕੰਮਲ ਫਾਰਮਕੇਅਰ ਯੋਜਨਾ ਨੂੰ ਲਾਗੂ ਕਰਨ ਦੀ ਯੋਜਨਾ ਨਹੀਂ ਬਣਾ ਰਹੀ। *(ਬਾਕੀ ਸਫਾ 8 'ਤੇ)*



For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
-Complete Denture
-Implant Denture
-Partial Denture
-Reline, Rebase
-Emergency Repair
-Mouth / Night Guard
Open Seven Days | Care Home Mobile Service
Abbotsford Location Opening on March 15th
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600-0811, Gagan@DenturistBC.com
Address : 13117, 67A Ave, Surrey, BC

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A Insurance
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 12 SATURDAY, 25 MARCH, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com



## ਰਾਹੁਲ ਗਾਂਧੀ ਨੂੰ ਮਾਨਹਾਨੀ ਮਾਮਲੇ 'ਚ ਦੋ ਸਾਲ ਦੀ ਸਜ਼ਾ

ਨਵੀਂ ਦਿੱਲੀ-ਇਥੋਂ ਦੀ ਇਕ ਅਦਾਲਤ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ 2019 ਦੇ ਮਾਣਹਾਨੀ ਕੇਸ 'ਚ ਦੋ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਰਾਹੁਲ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ 'ਸਾਰੇ ਚੋਰਾਂ ਦਾ ਇਕੋ ਹੀ ਨਾਮ ਮੋਦੀ ਕਿਵੇਂ ਹੋ ਸਕਦਾ ਹੈ।' ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਰਾਹੁਲ ਗਾਂਧੀ ਅਦਾਲਤ 'ਚ ਹਾਜ਼ਰ ਸਨ। ਚੀਫ਼ ਜੁਡੀਸ਼ਲ ਮੈਜਿਸਟਰੇਟ ਐੱਚ ਐੱਚ ਵਰਮਾ ਦੀ ਅਦਾਲਤ ਨੇ ਰਾਹੁਲ ਗਾਂਧੀ ਨੂੰ ਆਈਪੀਸੀ ਦੀਆਂ ਧਾਰਾਵਾਂ 499 ਅਤੇ 500 ਤਹਿਤ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਪਰਲੀ ਅਦਾਲਤ 'ਚ ਅਪੀਲ ਦਾਖ਼ਲ ਕਰਨ ਲਈ 30 ਦਿਨ ਵਾਸਤੇ ਸਜ਼ਾ ਮੁਅੱਤਲ ਕਰ ਦਿੱਤੀ ਹੈ। ਇਸ ਫ਼ੈਸਲੇ ਨਾਲ ਰਾਹੁਲ ਦੀ ਸੰਸਦ ਮੈਂਬਰੀ 'ਤੇ ਤਲਵਾਰ ਲਟਕ ਗਈ ਹੈ। ਜਨ ਪ੍ਰਤੀਨਿਧ ਐਕਟ ਮੁਤਾਬਕ ਜੇਕਰ ਕਿਸੇ ਵਿਅਕਤੀ ਨੂੰ ਦੋ ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਸ ਨੂੰ ਸਜ਼ਾ ਦੀ ਤਰੀਕ ਤੋਂ ਅਯੋਗ ਠਹਿਰਾ ਦਿੱਤਾ ਜਾਂਦਾ ਹੈ ਅਤੇ ਉਹ ਸਜ਼ਾ ਭੁਗਤਣ ਮਗਰੋਂ ਹੋਰ ਛੇ ਸਾਲਾਂ ਲਈ ਚੋਣ ਲੜਨ ਦੇ ਅਯੋਗ ਹੁੰਦਾ ਹੈ।

*(ਬਾਕੀ ਸਫਾ 8 'ਤੇ)*

# ਅੰਮ੍ਰਿਤਪਾਲ ਸਿੰਘ ਭੇਸ ਬਦਲਕੇ ਪੰਜਾਬ 'ਚੋਂ ਬਾਹਰ ਨਿਕਲਿਆ

## ਦੂਸਰੇ ਸੂਬਿਆਂ ਵਿਚ ਹਾਈ ਅਲਰਟ ਜਾਰੀ-ਸ਼ਾਹਬਾਦ ਤੋਂ ਪਨਾਹ ਦੇਣ ਵਾਲੀ ਇਕ ਔਰਤ ਗ੍ਰਿਫ਼ਤਾਰ

'ਵਾਰਿਸ ਪੰਜਾਬ ਦੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਭੇਸ ਬਦਲ ਕੇ ਪੰਜਾਬ ਦੀ ਜੂਹ ਛੱਡਣ ਵਿੱਚ ਕਾਮਯਾਬ ਹੋ ਗਿਆ ਹੈ, ਜਿਸ ਮਗਰੋਂ ਦੂਸਰੇ ਸੂਬਿਆਂ ਦੀ ਪੁਲੀਸ ਨੇ ਵੀ ਅਲਰਟ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਸ਼ਾਹਕੋਟ ਤੋਂ ਅੰਮ੍ਰਿਤਪਾਲ ਸਿੰਘ ਕਰੀਬ ਛੱਤੀ ਘੰਟਿਆਂ ਵਿੱਚ ਹਰਿਆਣਾ ਦੇ ਸ਼ਾਹਬਾਦ 'ਚ ਪੁੱਜਿਆ, ਜਿੱਥੇ ਉਸ ਨੇ ਇੱਕ ਔਰਤ ਬਲਜੀਤ ਕੌਰ ਦੇ ਘਰ 19 ਮਾਰਚ ਦੀ ਰਾਤ ਨੂੰ ਪਨਾਹ ਲਈ ਸੀ। ਦੂਸਰੇ ਦਿਨ ਹੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਪਪਲਪ੍ਰੀਤ ਸਿੰਘ ਨੇ ਸ਼ਾਹਬਾਦ ਤੋਂ ਅੱਗੇ ਚਾਲੇ ਪਾ ਦਿੱਤੇ ਸਨ। ਪੰਜਾਬ ਤੇ ਹਰਿਆਣਾ ਪੁਲੀਸ ਨੇ ਸਾਂਝਾ ਅਪਰੇਸ਼ਨ ਕਰ ਕੇ ਬਲਜੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵੇਰਵਿਆਂ ਅਨੁਸਾਰ ਬਲਜੀਤ ਕੌਰ ਦੀ ਪੁੱਛ-ਪੜਤਾਲ ਤੋਂ ਸੰਕੇਤ ਮਿਲੇ ਹਨ ਕਿ ਅੰਮ੍ਰਿਤਪਾਲ ਸਿੰਘ ਆਪਣੇ ਸਾਥੀ ਪਪਲਪ੍ਰੀਤ ਸਿੰਘ ਸਮੇਤ ਉੱਤਰਾਖੰਡ 'ਚ ਦਾਖ਼ਲ ਹੋ ਸਕਦਾ ਹੈ। ਪੁਲੀਸ ਨੂੰ ਖ਼ਦਸ਼ਾ ਹੈ ਕਿ ਅੰਮ੍ਰਿਤਪਾਲ ਸਿੰਘ ਅੱਗੇ ਨੇਪਾਲ ਜਾਣ ਦੀ ਕੋਸ਼ਿਸ਼ ਵਿੱਚ ਹੋ ਸਕਦਾ ਹੈ। ਪਤਾ ਲੱਗਿਆ ਹੈ ਕਿ ਅੱਧੀ ਦਰਜਨ ਸੂਬਿਆਂ 'ਚ ਅਲਰਟ ਜਾਰੀ ਹੋ ਚੁੱਕਿਆ ਹੈ ਤੇ ਅੰਮ੍ਰਿਤਪਾਲ ਖ਼ਿਲਾਫ਼ ਲੁੱਕਆਊਟ ਸਰਕੂਲਰ ਵੀ ਪਹਿਲਾਂ ਜਾਰੀ ਹੋਇਆ ਹੈ। ਕੌਮਾਂਤਰੀ ਭਾਰਤ-ਪਾਕਿ ਸਰਹੱਦ 'ਤੇ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਨਸ਼ਰ ਕਰ ਦਿੱਤੀਆਂ ਗਈਆਂ ਹਨ। ਪੁਲੀਸ ਸੀਸੀਟੀਵੀ ਫੁਟੇਜ ਜ਼ਰੀਏ ਅੰਮ੍ਰਿਤਪਾਲ ਦੀ ਪੈੜ ਨੱਪ ਰਹੀ ਹੈ।



ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਖ਼ਿਲਾਫ਼ ਅੱਠ ਪੁਲੀਸ ਕੇਸ ਦਰਜ ਕੀਤੇ ਹਨ। ਪੁਲੀਸ ਨੇ ਹੁਣ ਤੱਕ 207 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ 'ਚੋਂ 30 ਵਿਅਕਤੀਆਂ ਖ਼ਿਲਾਫ਼ ਫ਼ੌਜਦਾਰੀ ਮੁਕੱਦਮੇ ਦਰਜ ਕੀਤੇ ਗਏ ਹਨ ਜਦੋਂ ਕਿ 177 ਜਣਿਆ ਨੂੰ ਧਾਰਾ 107,151 ਤਹਿਤ ਹੀ ਹਿਰਾਸਤ 'ਚ ਰੱਖਿਆ ਹੈ। ਅੱਜ ਬਾਬਾ ਬਕਾਲਾ ਅਦਾਲਤ ਨੇ 11 ਜਣਿਆਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸੇ ਦੌਰਾਨ ਖੰਨਾ ਪੁਲੀਸ ਨੇ ਅੰਮ੍ਰਿਤਪਾਲ ਦੇ ਗੰਨਮੈਨ ਰਹੇ ਤੇਜਿੰਦਰ ਗਿੱਲ ਉਰਫ਼ ਗੋਰਖਾ ਬਾਬਾ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜਿਸ ਤੋਂ ਪਿੰਡ ਜੱਲੂਪੁਰ ਖੇੜਾ 'ਚ ਫਾਇਰਿੰਗ ਰੇਂਜ ਬਣਾ ਕੇ ਸਿਖਲਾਈ ਲੈਣ ਦੀ ਗੱਲ ਸਾਹਮਣੇ ਆਈ ਹੈ। ਦੂਸਰੇ ਪਾਸੇ ਸਿਆਸੀ ਤੌਰ 'ਤੇ ਪੰਜਾਬ ਵਿੱਚ ਸਰਕਾਰ ਪ੍ਰਤੀ ਅਜਿਹਾ ਨਜ਼ਰੀਆ ਬਣਨਾ ਸ਼ੁਰੂ ਹੋ ਗਿਆ ਹੈ ਕਿ ਪੰਜਾਬ ਪੁਲੀਸ ਸੂਬੇ ਦੇ ਬੇਕਸੂਰ ਨੌਜਵਾਨਾਂ ਨੂੰ ਫੜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਕਾਇਦਾ ਇੱਕ ਕਾਨੂੰਨੀ ਟੀਮ ਬਣਾ ਦਿੱਤੀ ਹੈ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬੇਕਸੂਰ ਨੌਜਵਾਨਾਂ ਦੇ ਹੱਕ ਵਿੱਚ ਨਾਅਰਾ ਮਾਰਿਆ ਹੈ। ਬੇਸ਼ੱਕ ਪੰਜਾਬ ਵਿੱਚ ਇਸ ਵੇਲੇ ਅੰਮ੍ਰਿਤਪਾਲ ਸਿੰਘ ਦੇ ਸਮਰਥਨ 'ਚ ਕੋਈ ਧਰਨਾ ਨਜ਼ਰ ਨਹੀਂ ਆ ਰਿਹਾ ਹੈ ਪ੍ਰੰਤੂ ਮੌਜੂਦਾ ਸਰਕਾਰ ਖ਼ਿਲਾਫ਼ ਸਿਆਸੀ ਬਿਰਤਾਂਤ ਬਣਨ ਲੱਗਾ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਕੈਨੇਡਾ ਵਿਆਪੀ ਵਾਰੰਟ ਲਈ ਲੋੜੀਂਦਾ ਵਿਅਕਤੀ ਸਰੀ ਵਿਚ ਗ੍ਰਿਫ਼ਤਾਰ

ਸਰੀ-ਕੈਨੇਡਾ ਵਿਆਪੀ ਵਾਰੰਟ 'ਤੇ ਲੋੜੀਂਦੇ ਵਿਅਕਤੀ ਨੂੰ ਪੁਲਿਸ ਨੇ ਸਰੀ ਵਿਚ ਗ੍ਰਿਫ਼ਤਾਰ ਕੀਤਾ ਹੈ। ਸਰੀ ਆਰਸੀਐਮਪੀ ਨੇ ਦੱਸਿਆ ਕਿ 36 ਸਾਲਾ ਸੀਨ ਟਰੇਵਰ ਕੁਡਫੋਰਡ ਨੂੰ 16 ਮਾਰਚ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਉਹ ਵੀਡੀਓ ਵਿਚ 103ਏ ਐਵੀਨਿਊ ਦੇ 14000 ਬਲਾਕ ਵਿਚ ਇਕ ਖਾਲੀ ਪਏ ਮਕਾਨ ਵਿਚ ਚੋਰੀ ਛਿਪੇ ਦਾਖਲ ਹੋਣ ਪਿੱਛੋ ਭੱਜਦਾ ਦਿਖਾਈ ਦਿੰਦਾ ਹੈ। ਪੁਲਿਸ ਨੇ ਦੱਸਿਆ ਕਿ ਜਦੋਂ ਅਫਸਰ ਪੁੱਜੇ ਤਾਂ ਸ਼ੱਕੀ ਤਾਕੀ ਰਾਹੀਂ ਘਰ ਤੋਂ ਬਚ ਕੇ ਨਿਕਲਣ ਪਿੱਛੋਂ ਦੌੜਦਾ ਦੇਖਿਆ ਗਿਆ। ਲੋਅਰ ਮੇਨਲੈਂਡ ਇੰਟੀਗ੍ਰੇਟਿਡ ਪੁਲਿਸ ਡਾਗ ਸਰਵਿਸ ਦੇ ਕੁੱਤਿਆਂ ਵਲੋਂ ਉਸ ਦਾ ਪਿੱਛਾ ਕਰਨ ਪਿੱਛੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕੁਡਫੋਰਡ ਬਰਨਬੀ ਵਿਚ ਘਰ ਵਿਚ ਚੋਰੀ ਛਿਪੇ ਦਾਖਲ ਹੋਣ ਨਾਲ ਸਬੰਧਤ ਦੋ ਦੋਸ਼ਾਂ ਲਈ ਦੇਸ਼ ਵਿਆਪੀ ਵਿਆਪੀ ਵਾਰੰਟ ਲਈ ਲੋੜੀਂਦਾ ਸੀ। ਉਸ ਦੇ ਖਿਲਾਫ ਕਈ ਹੋਰ ਵਾਰੰਟ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿਚ ਬਰਨਬੀ, ਆਰਸੀਐਮਪੀ, ਨਿਊ ਵੈਸਟਮਿਨਸਟਰ ਪੁਲਿਸ ਤੇ ਟਰਾਂਜ਼ਿਟ ਪੁਲਿਸ ਦੇ ਵਾਰੰਟ ਸ਼ਾਮਿਲ ਹਨ। ਕੁਡਫੋਰਡ 'ਤੇ ਘਰ ਵਿਚ ਦਾਖਲ ਹੋਣ ਅਤੇ ਪੀਸ ਅਫਸਰ ਦੇ ਕੰਮ ਵਿਚ ਵਿਘਨ ਪਾਉਣ ਦਾ ਦੋਸ਼ ਲਗਾਇਆ ਗਿਆ ਹੈ। ਉਹ ਅਦਾਲਤ ਵਿਚ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ।

# ਗੁਰਦੁਆਰਾ ਕੇਅਰਟੇਕਰ ਨਿਰਮਲ ਸਿੰਘ ਗਿੱਲ ਦੇ ਸਨਮਾਨ ਵਾਲੀ ਦਸਤਾਵੇਜ਼ੀ ਫਿਲਮ 26 ਨੂੰ ਦਿਖਾਈ ਜਾਵੇਗੀ

ਸਰੀ-25 ਸਾਲ ਪਹਿਲਾਂ ਨਿਊਟਨ ਵਿਖੇ ਸਿਰ ਫਿਰੇ ਗੋਰਿਆਂ ਹੱਥੋਂ ਮਾਰੇ ਗਏ ਗੁਰਦੁਆਰਾ ਸਾਹਿਬ ਦੇ ਕੇਅਰਟੇਕਰ ਨਿਰਮਲ ਸਿੰਘ ਬਾਰੇ ਇਕ ਨਵੀਂ ਦਸਤਾਵੇਜ਼ੀ ਫਿਲਮ ਦੀ ਪ੍ਰੀਮੀਅਰ ਸਕਰੀਨਿੰਗ ਐਤਵਾਰ ਨੂੰ ਸ਼ਾਮ 3.30 ਵਜੇ ਸਟਰਾਅਬੇਰੀ ਹਿਲ ਲਾਇਬਰੇਰੀ ਵਿਖੇ ਹੋਵੇਗੀ। ਇਹ ਥਾਂ ਉਸ ਥਾਂ ਤੋਂ ਕੁਝ ਬਲਾਕ ਦੂਰ ਹੈ ਜਿਥੇ ਨਿਰਮਲ ਸਿੰਘ ਗਿੱਲ ਨੂੰ ਕਤਲ ਕੀਤਾ ਗਿਆ ਸੀ। ਇਮਤਿਆਜ਼ ਪੋਪਟ ਜਿਨ੍ਹਾਂ ਨੇ 30 ਮਿੰਟ ਦੀ ਫਿਲਮ ਹੇਟ ਕੈਨ ਕਿਲ ਦਾ ਨਿਰਦੇਸ਼ਨ ਕੀਤਾ ਹੈ ਨੇ ਕਿਹਾ ਕਿ ਉਸ ਦੀ ਫਿਲਮ ਇਕ ਤੋਂ 10 ਮਈ ਤਕ ਮਾਂਟਰੀਅਲ ਦੇ ਦੱਖਣੀ ਏਸ਼ੀਅਨ ਫਿਲਮ ਫੈਸਟੀਵਲ ਵਿਖੇ ਦਿਖਾਈ ਜਾਵੇਗੀ ਅਤੇ ਇਹ ਏਸ਼ੀਅਨ ਵਿਰਾਸਤ ਮਹੀਨੇ ਦੇ ਮੱਦੇਨਜ਼ਰ 25 ਮਈ ਨੂੰ ਸ਼ਾਮ 6.30 ਵਜੇ ਵੈਨਕੂਵਰ ਪਬਲਿਕ ਲਾਇਬਰੇਰੀ ਵਿਖੇ ਵੀ ਦਿਖਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਉਹ ਇਸ ਨੂੰ ਗੁਰਦੁਆਰਾ ਸਾਹਿਬ ਨੇੜੇ ਲਾਂਚ ਕਰਨਾ ਚਾਹੁੰਦੇ ਹਨ। ਇਹ ਪੁਰਾਣੀ ਦਸਤਾਵੇਜ਼ੀ ਦਾ ਨਵਾਂ ਸੰਸਕਰਣ ਹੈ ਜਿਹੜਾ ਜ਼ਿਆਦਾ ਵਿਆਪਕ ਹੈ, ਇਸ ਦਾ ਵਧੇਰੇ



ਵਿਸ਼ਲੇਸ਼ਣ ਕੀਤਾ ਗਿਆ ਹੈ। ਉਹ ਇਸ ਨੂੰ ਰਿਲੀਜ਼ ਕਰਨਾ ਚਾਹੁੰਦਾ ਹੈ ਤਾਂ ਜੋ ਕਹਾਣੀ ਭੁੱਲ ਨਾ ਜਾਵੇ। ਸਕੌਟ ਰੋਡ 'ਤੇ ਸਥਿਤ ਗੁਰੂ ਨਾਨਕ ਸਿੰਘ ਗੁਰਦੁਆਰਾ ਦੇ 65 ਸਾਲਾ ਕੇਅਰਟੇਕਰ ਗਿੱਲ ਨੂੰ 4 ਜਨਵਰੀ 1998 ਨੂੰ ਰਾਤ ਦਾ ਪਹਿਰਾ ਦਿੰਦੇ ਸਮੇਂ ਗੁਰਦੁਆਰੇ ਦੀ ਪਾਰਕਿੰਗ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪੰਜ ਨੌਜਵਾਨ ਵਿਅਕਤੀਆਂ ਜਿਹੜੇ ਨਾਜ਼ੀ ਵਾਦੀ ਗਰੁੱਪ ਜਿਸ ਨੂੰ ਹੈਮਰਸਕਿਨਜ਼ ਕਿਹਾ ਜਾਂਦਾ ਹੈ ਨਾਲ ਸਬੰਧਤ ਸਨ ਨੂੰ ਸੈਕਿੰਡ ਡਿਗਰੀ ਕਤਲ ਲਈ ਗ੍ਰਿਫਤਾਰ ਕੀਤਾ ਸੀ ਪਰ ਉਨ੍ਹਾਂ ਨੇ ਮੈਨਸਲਾਟਰ ਦਾ ਦੋਸ਼ ਸਵੀਕਾਰ ਕਰ ਲਿਆ ਸੀ। ਦੋ ਵਿਅਕਤੀਆਂ ਨੂੰ 18-18 ਸਾਲ ਕੈਦ ਤੇ ਦੂਸਰੇ ਤਿੰਨਾਂ ਨੂੰ 15-15 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪੋਪਟ ਨੇ ਕਿਹਾ ਕਿ ਇਹ ਸਾਡੇ ਵਿਹੜੇ ਸਰੀ ਵਿਚ ਘਟਨਾ ਵਾਪਰੀ ਸੀ, ਬਹੁਤਾ ਕੁਝ ਨਹੀਂ ਬਦਲਿਆ, ਅਜੇ ਵੀ ਪੂਜਾ ਸਥਾਨਾਂ 'ਤੇ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਇਹ ਸਰੀ, ਕਿਊਬਕ, ਨਿਊਜ਼ੀਲੈਂਡ ਤੇ ਹੋਰ ਥਾਵਾਂ 'ਤੇ ਵਾਪਰਿਆ ਹੈ, ਇਸ ਲਈ ਸਾਨੂੰ ਚੌਕਸ ਰਹਿਣਾ ਪਵੇਗਾ। ਇਹ ਕੋਈ ਪੁਰਾਣੀ ਕਹਾਣੀ ਨਹੀਂ ਇਹ ਅਜੇ ਵਰਤਮਾਨ ਦੀ ਕਹਾਣੀ ਹੈ।

# ਸਾਬਕਾ ਮੇਅਰ ਕੈਨੇਡੀ ਸਟੇਵਾਰਟ ਨੇ ਮਾਣਹਾਨੀ ਮਾਮਲੇ ਵਿਚ ਇਕ ਲੱਖ ਡਾਲਰ ਦਾ ਮੁਆਵਜ਼ਾ ਜਿੱਤਿਆ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਨੇ ਫ਼ੈਸਲਾ ਦਿੱਤਾ ਕਿ ਨਾਨ-ਪਾਰਟੀਸ਼ਨ ਐਸੋਸੀਏਸ਼ਨ ਵਿਚ ਵੈਨਕੂਵਰ ਦੇ ਸਾਬਕਾ ਮੇਅਰ ਕੈਨੇਡੀ ਸਟੇਵਾਰਟ ਆਪਣੇ ਰਾਜਨੀਤਕ ਵਿਰੋਧੀਆਂ ਵਲੋਂ ਸ਼ੁਰੂ ਕੀਤੇ ਅਸਫਲ ਮਾਣਹਾਨੀ ਮਾਮਲੇ ਨਾਲ ਸਬੰਧਤ ਕਾਨੂੰਨੀ ਖਰਚਿਆਂ ਲਈ ਇਕ ਲੱਖ ਡਾਲਰ ਤੋਂ ਵੱਧ ਦੀ ਵਸੂਲੀ ਕਰ ਸਕਣਗੇ। ਜਸਟਿਸ ਵੇਂਡੀ ਬੇਕਰ ਨੇ 20 ਮਾਰਚ ਨੂੰ ਫ਼ੈਸਲਾ ਦਿੱਤਾ ਕਿ ਸਟੇਵਾਰਟ ਖਿਲਾਫ ਐਨਪੀਏ ਦੇ ਬੋਰਡ ਆਫ ਡਾਇਰਕੈਟਰਜ਼ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਵਲੋਂ ਦਾਇਰ ਮਾਣਹਾਨੀ ਮਾਮਲਾ ਇਕ ਪ੍ਰਤਿਸ਼ਠਾ ਤੇ ਜਨਤਕ ਪ੍ਰਗਟਾਵੇ ਵਿਚਕਾਰ ਜਾਇਜ਼ ਮੁਕਾਬਲੇ ਨਾਲੋਂ ਜਨਤਕ ਸ਼ਮੂਲੀਅਤ ਖਿਲਾਫ ਰਣਨੀਤਕ ਮੁਕੱਦਮਾ ਹੈ। ਇਕ ਵਾਰ ਪ੍ਰਭਾਵਸ਼ਾਲੀ ਵੈਨਕੂਵਰ ਸਿਵਕ ਪਾਰਟੀ ਦੇ ਬੋਰਡ ਮੈਂਬਰਾਂ ਨੇ ਜਨਵਰੀ 2021 ਵਿਚ ਨਿਊਜ਼ ਰਿਲੀਜ਼ ਜਾਰੀ ਕੀਤੇ ਜਾਣ ਪਿੱਛੋਂ ਸਟੇਵਾਰਟ ਖਿਲਾਫ ਕੇਸ ਕੀਤਾ ਸੀ ਅਤੇ ਇਸ ਰਿਲੀਜ਼ ਵਿਚ ਸੱਜੇ ਪੱਖੀ ਵਿਚਾਰਧਾਰਕ ਤਬਦੀਲੀ ਨੂੰ ਲੈ ਕੇ ਪਾਰਟੀ ਦੀ ਅੰਦਰੂਨੀ ਗੜਬੜ ਬਾਰੇ ਮੀਡੀਆ ਰਿਪੋਰਟਾਂ ਦੇ ਜਵਾਬ ਵਿਚ ਐਨਪੀਏ ਵਿਚ ਨਫਰਤ ਤੇ ਕੱਟੜਵਾਦ ਦੀ ਨਿਖੇਧੀ ਕੀਤੀ ਗਈ ਸੀ। ਜਸਟਿਸ ਬੇਕਰ ਨੇ ਪਾਇਆ ਕਿ ਮਾਣਹਾਨੀ ਦਾਅਵਿਆਂ ਵਿਚ ਕਾਫੀ ਦਮ ਸੀ ਪਰ ਕਿਹਾ ਕਿ ਸਟੇਵਾਰਟ ਦੇ




ਬਿਆਨ ਅਕਸ ਨੂੰ ਖਰਾਬ ਕਰਨ ਵਾਲੇ ਨਹੀਂ ਸਨ ਅਤੇ ਸਹੀ ਖੇਡ ਸੀ ਕਿਉਂਕਿ ਮੁੱਦੇ ਜਨਤਕ ਹਿੱਤ ਵਿਚ ਸਨ ਅਤੇ ਉਨ੍ਹਾਂ ਦੀ ਵਿਆਪਕ ਚਰਚਾ ਹੋ ਰਹੀ ਸੀ। 22 ਜੁਲਾਈ 2022 ਨੂੰ ਕੇਸ ਖਾਰਜ ਹੋਣ ਪਿੱਛੋਂ ਸਟੇਵਾਰਟ ਨੇ ਨੁਕਸਾਨ ਦੀ ਮੰਗ ਕੀਤੀ ਸੀ।

# ਡਾਕਟਰ 'ਤੇ ਡੈਲਟਾ ਕਲੀਨਿਕ ਵਿਖੇ ਜਿਣਸੀ ਹਮਲਾ ਕਰਨ ਦਾ ਦੋਸ਼

ਸਰੀ-ਡਾਕਟਰ ਉਲਮੁਈਵਾ ਬਾਮਗਵੜੇ ਜਿਸ 'ਤੇ ਸਰੀ ਵਿਚ ਜਿਣਸੀ ਹਮਲੇ ਦਾ ਦੋਸ਼ ਲਗਾਇਆ ਗਿਆ ਸੀ ਹੁਣ ਡੈਲਟਾ ਵਿਚ ਇਕ ਇਸੇ ਤਰ੍ਹਾਂ ਦੇ ਇਕ ਹੋਰ ਦੋਸ਼ ਦਾ ਸਾਹਮਣਾ ਕਰ ਰਿਹਾ ਹੈ। 54 ਸਾਲਾ ਡਾ. ਬਾਮਗਬਾੜੇ 'ਤੇ ਡੈਲਟਾ ਵਿਚ 103-8425 120ਵੀਂ ਸਟਰੀਟ ਵਿਖੇ ਸਥਿਤ ਸਲੇਮ ਅਨੱਸਥੀਸੀਆ ਕਲੀਨਿਕ ਵਿਖੇ ਆਪਣੀ ਪ੍ਰੈਕਟਿਸ ਦੌਰਾਨ 2019 ਵਿਚ ਜਿਣਸੀ ਹਮਲਾ ਕਰਨ ਨਾਲ ਸਬੰਧਤ 16 ਮਾਰਚ ਨੂੰ ਦੋਸ਼ ਲਗਾਇਆ ਗਿਆ ਹੈ। ਇਸ ਕਲੀਨਿਕ ਨੂੰ ਬਾਅਦ ਵਿਚ ਅਕਤੂਬਰ 2021 ਵਿਚ ਸਰੀ ਵਿਚ 6638 152ਏ ਸਟਰੀਟ ਲਿਜਾਇਆ ਗਿਆ ਸੀ। ਪੁਲਿਸ ਨੂੰ ਸਾਬਕਾ ਮਰੀਜ਼ਾਂ ਦੀਆਂ ਬਾਮਗਬੜੇ ਖਿਲਾਫ ਉਸ ਦੇ ਕਲੀਨਿਕ ਵਿਖੇ ਇਲਾਜ ਦੌਰਾਨ ਜਿਣਸੀ ਹਮਲੇ ਕਰਨ ਦੀਆਂ ਚਾਰ



ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਦੇ ਨਤੀਜੇ ਵਜੋਂ ਦੋ ਦੋਸ਼ ਲਗਾਏ ਗਏ ਹਨ। 18 ਜੁਲਾਈ ਨੂੰ ਇਕ ਔਰਤ ਮਰੀਜ਼ ਵਲੋਂ ਮਿਲੀ ਰਿਪੋਰਟ 'ਤੇ ਸਰੀ ਆਰਸੀਐਮਪੀ ਦੀ ਜਾਂਚ ਨਾਲ ਸਬੰਧਤ ਜਿਣਸੀ ਹਮਲੇ ਦਾ ਇਕ ਦੋਸ਼ ਬਾਮਗਬੜੇ ਖਿਲਾਫ 13 ਸਤੰਬਰ 2022 ਨੂੰ ਲਗਾਇਆ ਗਿਆ ਸੀ। ਬਾਅਦ ਵਿਚ ਬਾਮਗਬੜੇ ਸਰੀ ਕੋਰਟਹਾਊਸ ਵਿਚ ਪੇਸ਼ ਹੋ ਗਿਆ ਜਿਥੇ ਜੱਜ ਨੇ ਉਸ ਨੂੰ ਸ਼ਰਤਾਂ ਤਹਿਤ ਰਿਲੀਜ਼ ਕਰ ਦਿੱਤਾ ਜਿਸ ਵਿਚ ਇਕ ਇਹ ਵੀ ਸ਼ਰਤ ਸ਼ਾਮਿਲ ਸੀ ਕਿ ਉਹ ਔਰਤ ਮਰੀਜ਼ ਦੀ ਸਰੀਰਕ ਜਾਂਚ ਦੌਰਾਨ ਜਾਂਚ ਕਮਰੇ ਵਿਚ ਇਕੱਲਾ ਨਹੀਂ ਹੋਵੇਗਾ। ਔਰਤ ਮਰੀਜ਼ਾਂ ਦੀ ਜਾਂਚ ਇਕ ਔਰਤ ਦੀ ਮੌਜੂਦਗੀ ਵਿਚ ਕੀਤੀ ਜਾਵੇ ਅਤੇ ਇਨ੍ਹਾਂ ਸ਼ਰਤਾਂ ਦੇ ਨੋਟਿਸ ਉਸ ਦੇ ਦਫ਼ਤਰ ਅਤੇ ਉਸ ਦੇ ਹਰੇਕ ਜਾਂਚ ਕਮਰੇ 'ਤੇ ਲਗਾਏ ਜਾਣ।






# ਕੈਨੇਡਾ ਪੀਐਨਪੀ ਰਾਹੀਂ ਜ਼ਿਆਦਾ ਪ੍ਰਵਾਸੀਆਂ ਦਾ ਸਵਾਗਤ ਕਰੇਗਾ




ਓਟਵਾ-ਕੈਨੇਡੀਅਨ ਸਰਕਾਰ ਦੇ ਸਾਰੇ ਪੱਧਰਾਂ ਦੇ ਇਮੀਗ੍ਰੇਸ਼ਨ ਮੰਤਰੀ ਪੀਐਨਪੀ ਅਲਾਟਮੈਂਟ ਵਧਾਉਣ ਲਈ ਸਹਿਮਤ ਹੋ ਗਏ ਹਨ। ਕੈਨੇਡਾ ਦਾ ਪ੍ਰੋਵਿੰਸ਼ੀਅਲ ਨਾਮਨੀ ਪ੍ਰੋਗਰਾਮਜ਼ (ਪੀਐਨਪੀਜ਼) ਨੇ ਹਾਲ ਹੀ ਵਿਚ ਆਰਥਿਕ ਸ਼੍ਰੇਣੀ ਵਾਲੇ ਉਮੀਦਵਾਰਾਂ ਲਈ ਕੈਨੇਡੀਅਨ ਪੀਆਰ ਹਾਸਲ ਕਰਨ ਦੇ ਪ੍ਰਮੁੱਖ ਰਸਤੇ ਵਜੋਂ ਫੈਡਰਲ ਐਕਸਪ੍ਰੈਸ ਐਂਟਰੀ ਸਿਸਟਮ ਨੂੰ ਪਿੱਛੇ ਛੱਡ ਦਿੱਤਾ ਹੈ। ਇਹ ਸਹਿਮਤੀ ਉਸ ਸਮੇਂ ਸਾਹਮਣੇ ਆਈ ਜਦੋਂ ਅਗਲੇ ਤਿੰਨ ਸਾਲਾਂ ਵਿਚ ਹਰੇਕ ਸਾਲ ਪੀਐਨਪੀ ਰਾਹੀਂ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ 105000 ਤੋਂ ਵੀ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਹਕੀਕਤ ਇਹ ਹੈ ਕਿ ਇਮੀਗ੍ਰੇਸ਼ਨ ਲੈਵਲਜ਼ ਪਲੈਨ ਤਹਿਤ ਪੀਐਨਪੀ ਰਾਹੀਂ ਕੈਨੇਡੀਅਨ ਪ੍ਰਵਾਸੀਆਂ ਦੀ ਗਿਣਤੀ ਇਸ ਸਾਲ 105500 ਤੋਂ ਵਧ ਕੇ 2025 ਵਿਚ 117500 ਹੋਣ ਦੀ ਸੰਭਾਵਨਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਦੋਂ ਇਮੀਗ੍ਰੇਸ਼ਨ, ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ 1998 ਵਿਚ ਪੀਐਨਪੀ ਪ੍ਰੋਗਰਾਮ ਸ਼ੁਰੂ ਕੀਤਾ ਸੀ ਤਾਂ ਅਗਲੇ ਸਾਲ ਇਸ ਪ੍ਰੋਗਰਾਮ ਰਾਹੀਂ ਸਿਰਫ 400 ਪੀਐਨਪੀ ਪ੍ਰਵਾਸੀ ਕੈਨੇਡਾ ਆਏ ਸੀ।

# ਗੂਗਲ ਕਰਮਚਾਰੀਆਂ ਨੇ ਸੁੰਦਰ ਪਿਚਾਈ ਨੂੰ ਲਿਖਿਆ ਖੁੱਲ੍ਹਾ ਪੱਤਰ

ਵਾਸ਼ਿੰਗਟਨ-ਗੂਗਲ ਦੁਆਰਾ 12,000 ਨੌਕਰੀਆਂ ਵਿੱਚ ਕਟੌਤੀ ਦੀ ਘੋਸ਼ਣਾ ਤੋਂ ਬਾਅਦ ਮੂਲ ਕੰਪਨੀ ਅਲਫਾਬੇਟ ਇਕ ਦੇ ਲਗਭਗ 1,400 ਕਰਮਚਾਰੀਆਂ ਨੇ ਛਾਂਟੀ ਦੀ ਪ੍ਰਕਿਰਿਆ ਦੌਰਾਨ ਬਿਹਤਰ ਇਲਾਜ ਦੀ ਮੰਗ ਕਰਦੇ ਹੋਏ ਇੱਕ ਖੁੱਲੇ ਪੱਤਰ 'ਤੇ ਹਸਤਾਖਰ ਕੀਤੇ ਹਨ। ਬਲੂਮਬਰਗ ਦੇ ਅਨੁਸਾਰ, 23 ਮਾਰਚ (ਪੋਸਟ ਬਿਊਰੋ): ਮੁੱਖ ਕਾਰਜਕਾਰੀ ਅਧਿਕਾਰੀ ਸੁੰਦਰ ਪਿਚਾਈ ਨੂੰ ਸੰਬੋਧਿਤ ਇੱਕ ਖੁੱਲੇ ਪੱਤਰ ਵਿੱਚ, ਕਰਮਚਾਰੀਆਂ ਨੇ ਕੰਪਨੀ ਦੀਆਂ ਕਈ ਮੰਗਾਂ ਰੱਖੀਆਂ। ਇਹਨਾਂ ਵਿੱਚ ਸ਼ਾਮਲ ਹਨ ਨਵੇਂ ਭਾੜੇ ਨੂੰ ਫ੍ਰੀਜ਼ ਕਰਨਾ, ਲਾਜ਼ਮੀ ਲੋਕਾਂ ਤੋਂ ਪਹਿਲਾਂ ਸਵੈ-ਇੱਛਤ ਅਸਤੀਫ਼ੇ ਦੀ ਲੋੜ, ਨਵੇਂ ਹਾਇਰਾਂ ਲਈ ਛਾਂਟੀ ਵਿੱਚ ਸ਼ਾਮਲ ਕਰਮਚਾਰੀਆਂ ਨੂੰ ਤਰਜੀਹ ਦੇਣਾ, ਅਤੇ ਕਰਮਚਾਰੀਆਂ ਦੀ ਅਦਾਇਗੀ ਛੁੱਟੀ (ਜਿਵੇਂ ਕਿ ਮਾਪਿਆਂ ਅਤੇ ਸੋਗ ਦੀ ਛੁੱਟੀ) ਨੂੰ ਇੱਕ ਨਿਸ਼ਚਿਤ ਸਮੇਂ ਲਈ ਖਤਮ ਹੋਣ ਦੇਣਾ ਸ਼ਾਮਲ ਹੈ। ਕਾਮਿਆਂ ਨੇ ਅਲਫਾਬੇਟ ਨੂੰ ਮਨੁੱਖੀ ਸੰਕਟ ਵਾਲੇ ਦੇਸ਼ਾਂ (ਖਾਸ ਕਰਕੇ ਯੂਕਰੇਨ) ਤੋਂ ਕਰਮਚਾਰੀਆਂ ਨੂੰ ਨਾ ਕੱਢਣ ਲਈ ਵੀ ਕਿਹਾ ਹੈ।

# ਲੋਅਰ ਮੇਨਲੈਂਡ ਦੇ ਪੰਜ ਸ਼ਹਿਰਾਂ ਵਿਚ ਵਾਰੰਟਾਂ ਦੀ ਤਾਮੀਲ-ਚਾਰ ਗ੍ਰਿਫ਼ਤਾਰ

## ਵੱਡੀ ਮਾਤਰਾ ਵਿਚ ਨਸ਼ੀਲਾ ਪਦਾਰਥ ਬਰਾਮਦ

ਵੈਨਕੂਵਰ-ਪ੍ਰਮੁੱਖ ਸੰਗਠਿਤ ਅਪਰਾਧ ਜਾਂਚ ਜਿਹੜੀ ਕੌਮੀ ਸਰਹੱਦਾਂ ਤਕ ਫੈਲੀ ਹੋਈ ਹੈ ਦੇ ਹਿੱਸੇ ਵਜੋਂ ਮਹੀਨੇ ਦੇ ਸ਼ੁਰੂ ਵਿਚ ਮਾਊਂਟੀਜ਼ ਫੈਡਰਲ ਕਲੈਂਡਸਟਾਈਨ ਲੈਬਾਰੇਟਰੀ ਟੀਮ ਸਾਊਥ ਸਰੀ ਇਕ ਤਲਾਸ਼ੀ ਵਾਰੰਟ ਲੈ ਕੇ ਪੁੱਜੀ ਸੀ। ਵੀਰਵਾਰ 16 ਮਾਰਚ ਨੂੰ ਫੈਡਰਲ ਸੀਰੀਅਸ ਐਂਡ ਅਰਗਨਾਈਜ਼ਡ ਕਰਾਈਮ ਦੇ ਅਧਿਕਾਰੀਆਂ ਨੇ ਲੋਅਰ ਮੇਨਲੈਂਡ ਦੇ ਪੰਜ ਸ਼ਹਿਰਾਂ ਵਿਚ ਵਾਰੰਟਾਂ ਦੀ ਤਾਮੀਲ ਕਰਦਿਆਂ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸੰਭਾਵਤ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਦੀ ਲੱਖਾਂ ਖ਼ੁਰਾਕਾਂ ਤੇ ਪ੍ਰੀਕਰਸਰ ਰਸਾਇਣ ਬਰਾਮਦ ਕਰਨ ਦਾ ਐਲਾਨ ਕੀਤਾ ਹੈ। ਸਟਾਫ ਸਾਰਜੈਂਟ ਕ੍ਰਿਸ ਕਲਾਰਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਕ ਮਾਰਚ ਨੂੰ ਸਾਊਥ ਸਰੀ ਵਿਚ 134 ਸਟਰੀਟ ਅਤੇ 26 ਐਵੀਨਿਊ ਨੇੜੇ ਇਕ ਘਰ ਵਿਚ ਪੁਲਿਸ ਦੀ ਸਰਗਰਮੀ ਇਸ ਜਾਂਚ ਦਾ ਹਿਸਾ ਸੀ। ਬਲੈਕ ਪ੍ਰੈਸ ਮੀਡੀਆ ਪ੍ਰੈਸ ਨੂੰ ਭੇਜੀ ਇਕ ਨਿਊਜ਼ ਟਿਪ ਵਿਚ ਦੱਸਿਆ ਕਿ ਸਾਊਥ ਸਰੀ ਦੇ ਨਿਸ਼ਾਨਾ ਬਣਾਏ ਗਏ



ਘਰ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਕਲਾਰਕ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਚਾਰ ਗ੍ਰਿਫਤਾਰ ਵਿਅਕਤੀਆਂ ਵਿਚੋਂ ਇਕ ਜਿਹੜਾ ਉਸ ਦੀ ਮੈਟਰੋ ਵੈਨਕੂਵਰ ਵਿਚ ਚਲ ਰਹੀ ਗੈਂਗ ਹਿੰਸਾ ਵਿਚ ਕਥਿਤ ਸ਼ਮੂਲੀਅਤ ਕਾਰਨ ਪ੍ਰੋਵਿੰਸ਼ੀਅਲ ਟਾਰਗੈਟਿੰਗ ਇਨਫੋਰਸਮੈਂਟ ਪ੍ਰਾਇਰਟੀ ਹੈ ਨੂੰ ਕਿਥੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਨਾ ਹੀ ਇਹ ਜਾਣਕਾਰੀ ਦਿੱਤੀ ਕਿ ਮੌਕੇ ਤੋਂ ਪੁਲਿਸ ਨੂੰ ਕੀ ਮਿਲਿਆ ਹੈ। ਕਲਾਰਕ ਨੇ ਈ-ਮੇਲ ਰਾਹੀਂ ਪੀਸ ਆਰਚ ਨਿਊਜ਼ ਨੂੰ ਦੱਸਿਆ ਕਿ ਉਹ ਇਸ ਸਮੇਂ ਗ੍ਰਿਫਤਾਰੀ ਜਾਂ ਜ਼ਬਤ ਕੀਤੀਆਂ ਵਸਤਾਂ ਦੇ ਵੇਰਵੇ ਨਹੀਂ ਦੇ ਸਕਦੇ ਕਿਉਂਕਿ ਇਹ ਇਸ ਸਮੇਂ ਖ਼ਾਸ ਥਾਵਾਂ ਨਾਲ ਸਬੰਧਤ ਹਨ। ਰਿਲੀਜ਼ ਵਿਚ ਅੱਗੇ ਦੱਸਿਆ ਕਿ ਇਹ ਆਪਰੇਸ਼ਨ ਸਤੰਬਰ 2022 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਛੇਤੀ ਹੀ ਖੁਲਾਸਾ ਕਰ ਦਿੱਤਾ ਗਿਆ ਸੀ ਕਿ ਬੀਸੀ ਵਿਚ ਚਲ ਰਹੀ ਗੈਂਗ ਹਿੰਸਾ ਵਿਚ ਬਹੁਤ ਸਾਰੇ ਵਿਅਕਤੀ ਸ਼ਾਮਿਲ ਹਨ।

# ਐਮ.ਪੀ. ਹੈਨ ਡੋਂਗ ਨੇ ਲਿਬਰਲ ਕੌਕਸ ਨੂੰ ਛੱਡਿਆ

## ਚੀਨੀ ਕੂਟਨੀਤਕ ਨਾਲ ਗੱਲਬਾਤ ਨਾਲ ਸਬੰਧਤ ਦੋਸ਼ਾਂ ਤੋਂ ਇਨਕਾਰ

ਓਟਵਾ-ਡੋਨ ਵੈਲੀ ਨੌਰਥ ਐਮਪੀ ਹੈਨ ਡੋਂਗ ਨੇ ਬੁੱਧਵਾਰ ਸ਼ਾਮ ਨੂੰ ਐਲਾਨ ਕੀਤਾ ਕਿ ਉਹ ਆਜ਼ਾਦ ਐਮਪੀ ਵਜੋਂ ਬੈਠਣ ਲਈ ਫੈਡਰਲ ਕੌਕਸ ਨੂੰ ਛੱਡ ਰਹੇ ਹਨ ਪਰ ਉਨ੍ਹਾਂ ਨੇ ਚੀਨੀ ਕੂਟਨੀਤਕ ਨਾਲ ਆਪਣੀ ਗੱਲਬਾਤ ਨਾਲ ਸਬੰਧਤ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਗਲੋਬਲ ਨਿਊਜ਼ ਵਲੋਂ ਦੋ ਵੱਖ ਵੱਖ ਕੌਮੀ ਸੁਰੱਖਿਆ ਸੂਤਰਾਂ ਦੇ ਹਵਾਲੇ ਨਾਲ ਇਹ ਰਿਪੋਰਟ ਛਾਪਣ ਪਿੱਛੋਂ ਡੋਂਗ ਨੇ ਆਪਣੇ ਫ਼ੈਸਲੇ ਦਾ ਐਲਾਨ ਕੀਤਾ ਕਿ ਡੋਂਗ ਨੇ ਫਰਵਰੀ 2021 ਵਿਚ ਚੀਨ ਦੇ ਸੀਨੀਅਰ ਕੂਟਨੀਤਕ ਨੂੰ ਨਿੱਜੀ ਰੂਪ ਵਿਚ ਸਲਾਹ ਦਿੱਤੀ ਸੀ ਕਿ ਚੀਨ ਨੂੰ ਕੈਨੇਡੀਅਨ ਮਾਈਕਲ ਕੋਵਰਿਗ ਅਤੇ ਮਾਈਕਲ ਸਪੇਵਰ ਦੀ ਰਿਹਾਈ ਵਿਚ ਦੇਰ ਕਰਨੀ ਚਾਹੀਦੀ ਹੈ। ਗਲੋਬਲ ਨਿਊਜ਼ ਵਲੋਂ ਛਾਪੇ ਦੋਸ਼ਾਂ ਦੀ ਗਲੋਬ ਐਂਡ ਮੇਲ ਨੇ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ। ਸੰਸਦ ਵਿਚ ਮੇਰੇ ਸਾਰੇ ਸਹਿਯੋਗੀਆਂ 'ਤੇ ਮੀਡੀਆ ਵਿਚ ਅਣਪ੍ਰਮਾਣਿਤ ਰਿਪੋਰਟਾਂ ਅਤੇ ਗੁੰਮਨਾਮ ਸੂਤਰਾਂ ਨਾਲ ਮੇਰੇ ਅਕਸ 'ਤੇ ਹਮਲਾ ਕੀਤਾ ਹੈ ਅਤੇ ਕੈਨੇਡਾ ਪ੍ਰਤੀ ਮੇਰੀ ਵਫਾਦਾਰੀ 'ਤੇ ਸਵਾਲ ਖੜੇ ਕੀਤੇ ਹਨ। ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਜੋ ਕੁਝ ਛਪਿਆ ਹੈ ਉਹ ਗਲਤ ਹੈ। ਉਹ ਖੁਦ ਝੂਠੇ ਦਾਅਵਿਆਂ ਖਿਲਾਫ ਆਪਣਾ ਬਚਾਅ ਕਰੇਗਾ। ਕੋਵਰਿਗ ਅਤੇ ਸਪੇਵਰ ਨੂੰ ਚੀਨ ਦੀਆਂ ਜੇਲ੍ਹਾਂ ਵਿਚ 1000 ਤੋਂ ਵੀ ਜ਼ਿਆਦਾ ਦਿਨ ਗੁਜ਼ਾਰਨੇ ਪਏ ਸਨ। ਦਸੰਬਰ 2018 ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਈਰਾਨ ਖਿਲਾਫ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਨਾਲ ਸਬੰਧਤ ਧੋਖਾਧੜੀ ਦੇ ਦੋਸ਼ਾਂ ਲਈ ਅਮਰੀਕੀ ਹਵਾਲਗੀ ਵਾਰੰਟ 'ਤੇ ਹੁਆਵੇਈ ਦੀ ਸੀਨੀਅਰ ਐਗਜ਼ੀਕਿਊਟਿਵ ਨੂੰ ਗ੍ਰਿਫਤਾਰ ਕਰਨ ਵਿਰੁੱਧ ਜਵਾਬੀ ਕਾਰਵਾਈ ਸਮਝਿਆ ਜਾਂਦਾ ਹੈ। ਗਲੋਬਲ ਨਿਊਜ਼ ਰਿਪੋਰਟ ਮੁਤਾਬਿਕ ਦੋ ਸੂਤਰਾਂ ਨੇ ਦੱਸਿਆ ਕਿ ਡੋਂਗ ਨੇ ਕਥਿਤ ਰੂਪ ਵਿਚ ਟੋਰਾਂਟੋ ਵਿਚ ਚੀਨ ਦੇ ਕੌਂਸਲ ਜਨਰਲ ਹੈਨ ਤਾਓ ਨੂੰ ਦੱਸਿਆ ਕਿ ਜੇਕਰ ਚੀਨ ਨੇ ਦੋ ਕੈਨੇਡੀਅਨਾਂ ਨੂੰ ਰਿਹਾਅ ਕਰ ਦਿੱਤਾ ਤਾਂ ਫੈਡਰਲ ਕੰਸਰਵੇਟਿਵ ਪਾਰਟੀ ਨੂੰ ਰਾਜਨੀਤਕ ਰੂਪ ਵਿਚ ਲਾਭ ਹੋਵੇਗਾ। ਗਲੋਬਲ ਨਿਊਜ਼ ਨੇ ਕਿਹਾ ਕਿ ਡੋਂਗ ਨੇ ਇਕ ਬਿਆਨ ਵਿਚ ਦੱਸਿਆ ਕਿ ਉਸ ਨੇ ਕੌਂਸਲ ਜਨਰਲ ਨਾਲ ਚਰਚਾ ਕੀਤੀ ਸੀ ਪਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ ਕੋਵਰਿਗ ਤੇ ਸਪੇਵਰ ਦੀ ਜੇਲ੍ਹ ਤੋਂ ਰਿਹਾਈ ਵਿਚ ਦੇਰੀ ਕਰਨ ਦੀ ਸਲਾਹ ਦਿੱਤੀ ਸੀ।

# ਸਰੀ ਦੇ ਵਿਅਕਤੀ 'ਤੇ ਸੈਕਿੰਡ ਡਿਗਰੀ ਕਤਲ ਦਾ ਦੋਸ਼

ਵੈਨਕੂਵਰ-ਸਰੀ ਦੇ ਇਕ ਵਿਅਕਤੀ 'ਤੇ ਪਿਛਲੇ ਮਹੀਨੇ ਵੈਨਕੂਵਰ ਦੇ ਚਾਈਨਾ ਟਾਊਨ ਵਿਚ ਇਕ ਵਿਅਕਤੀ ਨੂੰ ਚਾਕੂ ਮਾਰ ਕੇ ਮਾਰਨ ਦੇ ਦੋਸ਼ ਵਿਚ ਸੈਕਿੰਡ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। 30 ਸਾਲਾ ਜਾਲ ਰੂਥ ਕੁਏਬ ਨੇ 6 ਫਰਵਰੀ ਨੂੰ 32 ਸਾਲਾ ਨਿਕੋਲਾਈ ਸੂਗਕ ਨੂੰ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ ਅਤੇ ਕੁਏਥ ਨੂੰ ਹਿਰਾਸਤ ਵਿਚ ਰੱਖਿਆ ਗਿਆ ਹੈ। ਵੈਨਕੂਵਰ ਦੇ ਪੁਲਿਸ ਕੰਸਟੇਬਲ ਤਾਨੀਆ ਵਿਸਿੰਟਿਨ ਨੇ ਦੱਸਿਆ ਕਿ ਸੂਗਕ ਨੂੰ ਵੈਸਟ ਪੇਂਡਰ ਅਤੇ ਕੈਰਲ ਸਟਰੀਟ ਨੇੜੇ ਅੱਧੀ ਰਾਤ ਤੋਂ ਥੋੜਾ ਬਾਅਦ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿੱਤਾ ਸੀ, ਉਸ ਨੂੰ ਐਮਰਜੈਂਸੀ ਡਾਕਟਰੀ ਸਹਾਇਤਾ ਦਿੱਤੀ ਗਈ ਸੀ ਪਰ ਥੋੜੀ ਦੇਰ ਬਾਅਦ ਉਸ ਦੀ ਮੌਤ ਹੋ ਗਈ ਸੀ। ਉਸ ਨੇ ਦੱਸਿਆ ਕਿ ਪੁਲਿਸ ਨੂੰ ਸ਼ੱਕ ਹੈ ਕਿ ਸੂਗਕ ਨੂੰ ਇਕ ਅਜਨਬੀ ਨੇ ਸ਼ੰਘਾਈ ਨੇੜੇ ਚਾਕੂ ਮਾਰ ਦਿੱਤਾ ਅਤੇ ਉਹ ਡਿਗ ਪਿਆ। ਸਾਡੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਮਰਨ ਵਾਲਾ ਵਿਅਕਤੀ ਅਤੇ ਉਸ ਦੇ ਹਮਲਾਵਰ ਨੇ ਕਤਲ ਤੋਂ ਪਹਿਲਾਂ ਕੋਈ ਗੱਲਬਾਤ ਕੀਤੀ ਸੀ। ਸਾਨੂੰ ਸ਼ੱਕ ਹੈ ਕਿ ਉਹ ਇਕ ਦੂਸਰੇ ਨੂੰ ਜਾਣਦੇ ਨਹੀਂ ਸਨ। ਕੁਏਥ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਵੈਨਕੂਵਰ ਪੁਲਿਸ ਦੀ ਪੰਜ ਹਫ਼ਤੇ ਦੀ ਜਾਂਚ ਪਿੱਛੋਂ ਉਸ 'ਤੇ ਦੋਸ਼ ਲਗਾਏ ਗਏ।


UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਕੈਨੇਡੀਅਨ ਸਿਆਸਤ ਵਿਚ ਚੀਨੀ ਦਖਲਅੰਦਾਜੀ ਦੀ ਜਾਂਚ ਦੇ ਆਦੇਸ਼

## ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਖੁਦ ਵੀ ਸਵਾਲਾਂ ਦੇ ਘੇਰੇ ਵਿਚ

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡੀਅਨ ਸਿਆਸਤ ਅਤੇ ਪਿਛਲੀਆਂ ਦੋ ਫੈਡਰਲ ਚੋਣਾਂ ਵਿਚ ਚੀਨੀ ਦਖਲ ਅੰਦਾਜੀ ਦੇ ਰੌਲੇ ਰੱਪੇ ਨੂੰ ਲੈਕੇ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪ੍ਰਧਾਨ ਮੰਤਰੀ ਟਰੂਡੋ ਨੇ ਬਾਕਾਇਦਾ ਇਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਹੈ ਕਿ ਸੰਸਦ ਮੈਂਬਰਾਂ ਦੀ ਕੌਮੀ ਸੁਰੱਖਿਆ ਬਾਰੇ ਇੰਟੈਲੀਜੈਂਸ ਕਮੇਟੀ 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿਚ ਚੀਨ ਦੀ ਦਖਲਅੰਦਾਜ਼ੀ ਦਾ ਅਧਿਐਨ ਕਰੇਗੀ ਅਤੇ ਇਹ ਕਮੇਟੀ ਰਿਪੋਰਟ ਸਿੱਧੀ ਉਨ੍ਹਾਂ ਦੇ ਦਫ਼ਤਰ ਨੂੰ ਸੌਂਪੇਗੀ ? ਇਸੇ ਦੌਰਾਨ ਉਹਨਾਂ ਨੇ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੂੰ ਇਸ ਸਮੁੱਚੀ ਜਾਂਚ ਦਾ ਨਿਗਰਾਨ ਵੀ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਵਲੋਂ ਇਸ ਮਾਮਲੇ ਦੀ ਸੰਸਦੀ ਕਮੇਟੀ ਦੁਆਰਾ ਜਾਂਚ ਕਰਵਾਏ ਜਾਣ ਨੂੰ ਭਾਵੇਂ ਵਿਰੋਧੀ ਧਿਰ ਦੇ ਆਗੂ ਪੀਅਰ ਪੋਲੀਵਰ ਨੇ ਗੋਂਗਲੂਆਂ ਤੋ ਮਿੱਟੀ ਝਾੜਨਾ ਕਿਹਾ ਹੈ ਪਰ ਪ੍ਰਧਾਨ ਮੰਤਰੀ ਵਲੋਂ ਜਾਂਚ ਕਰਵਾਉਣ ਦੇ ਐਲਾਨ ਤੋ ਇਹ ਤਾਂ ਸਪੱਸ਼ਟ ਹੈ ਕਿ ਉਹਨਾਂ ਨੇ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੇ ਦੋਸ਼ਾਂ ਨੂੰ ਸਵੀਕਾਰ ਲਿਆ ਹੈ। ਇਸਤੋਂ ਪਹਿਲਾਂ ਉਹ ਇਸ ਮਾਮਲੇ ਨੂੰ ਅਣਸੁਣਿਆ ਕਰਦੇ ਆਏ ਹਨ। ਉਹਨਾਂ ਨੇ ਇਸ ਮਾਮਲੇ ਨੂੰ ਨਸਲਵਾਦ ਨਾਲ ਵੀ ਜੋੜਕੇ ਵੇਖੇ ਜਾਣ ਕਾਰਣ ਟਾਲਾ ਵੱਟਣ ਦੀ ਕੋਸ਼ਿਸ਼ ਕੀਤੀ ਸੀ। ਜਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਕੈਨੇਡੀਅਨ ਸੁਰੱਖਿਆ ਤੇ ਖੁਫੀਆਂ ਏਜੰਸੀ ( ਸੀਸਸ) ਅਕਸਰ ਸਰਕਾਰ ਨੂੰ ਚੀਨੀ ਦਖਲ ਤੋ ਚੌਕਸ ਕਰਦੀ ਰਹੀ ਹੈ। ਸੂਤਰਾਂ ਮੁਤਾਬਿਕ ਖੁਫੀਆ ਏਜੰਸੀ ਨੇ ਓਨਟਾਰੀਓ ਵਿਚ ਇਕ ਚੀਨੀ ਮੂਲ ਦੇ ਆਗੂ ਨੂੰ ਲਿਬਰਲ ਉਮੀਦਵਾਰ ਬਣਾਏ ਜਾਣ ਦੇ ਵਿਰੁੱਧ ਵੀ ਲਿਬਰਲ ਪਾਰਟੀ ਨੂੰ ਚੌਕਸ ਕੀਤਾ ਸੀ।ਪਰ ਇਸਦੇ ਜਵਾਬ ਵਿਚ ਪ੍ਰਧਾਨ ਮੰਤਰੀ ਟਰੂਡੋ ਦਾ ਜਵਾਬ ਸੀ ਕਿ ਕਿਸੇ ਖੁਫੀਆ ਏਜੰਸੀ ਨੂੰ ਕੋਈ ਹੱਕ ਨਹੀ ਕਿ ਉਹ ਕਿਸੇ ਸਿਆਸੀ ਪਾਰਟੀ ਨੂੰ ਅਜਿਹੀ ਨਸੀਹਤ ਕਰੇ। ਓਨਟਾਰੀਓ ਵਿਚ ਲਿਬਰਲ ਐਮ ਪੀ ਹੈਨ ਡੌਂਗ ਦੀ ਚੀਨੀ ਕਮਿਊਨਿਸਟ ਪਾਰਟੀ ਦੁਆਰਾ ਸਿੱਧੀ ਮਦਦ ਕੀਤੇ ਜਾਣ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਸਨ। ਪਰ ਹੁਣ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਉਪਰੰਤ ਪ੍ਰਧਾਨ ਮੰਤਰੀ ਟਰੂਡੋ ਨੇ ਕੈਨੇਡੀਅਨ ਚੋਣਾਂ ਵਿੱਚ ਚੀਨ ਦੁਆਰਾ ਦਖਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਉਹਨਾਂ ਇਸ ਸਬੰਧੀ ਜਾਂਚ ਦਾ ਐਲਾਨ ਕਰਦਿਆਂ ਇਹ ਵੀ ਕਿਹਾ ਹੈ ਕਿ ਭਾਵੇਂਕਿ ਇਹ ਖੁਫੀਆ ਰਿਪੋਰਟਾਂ ਸਾਹਮਣੇ ਆਈਆਂ ਹਨ ਕਿ ਚੀਨ ਤੋਂ ਇਲਾਵਾ ਈਰਾਨ ਅਤੇ ਰੂਸ ਵਰਗੇ ਮੁਲਕ ਕੈਨੇਡੀਅਨ ਸਿਆਸਤ ਅਤੇ ਹੋਰ ਸੰਸਥਾਵਾਂ ਵਿਚ ਦਖਲ ਅੰਦਾਜੀ ਕਰਦਿਆਂ ਨੀਤੀਗਤ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਕੋਸ਼ਿਸ਼ ਕਰਦੇ ਆ ਰਹੇ ਹਨ ਪਰ ਇਹ ਮੰਨਣਾ ਮੁਸ਼ਕਲ ਹੈ ਕਿ ਉਹਨਾਂ ਦੇ ਇਸ ਦਖਲ ਨਾਲ ਕਦੇ ਚੋਣ ਨਤੀਜੇ ਪ੍ਰਭਾਵਿਤ ਹੋਏ ਹਨ। ਉਹਨਾਂ ਦਾ ਸਪੱਸ਼ਟ ਕਹਿਣਾ ਹੈ ਕਿ ਸਾਰੇ ਸਿਆਸੀ ਆਗੂ ਇਸ ਗੱਲ ਨਾਲ ਇਕਮੱਤ ਹਨ ਕਿ 2019 ਅਤੇ 2021 ਵਿੱਚ ਚੋਣ ਨਤੀਜੇ ਵਿਦੇਸ਼ੀ ਦਖਲਅੰਦਾਜ਼ੀ ਕਾਰਣ ਪ੍ਰਭਾਵਿਤ ਨਹੀਂ ਹੋਏ। ਪਰ ਕੋਈ ਵੀ ਇਸ ਗੱਲੋ ਇਨਕਾਰ ਨਹੀ ਕਿ ਵਿਦੇਸ਼ੀ ਦਖਲਅੰਦਾਜ਼ੀ ਦਾ ਮਾਮਲਾ, ਗੰਭੀਰ ਤੇ ਪਰੇਸ਼ਾਨ ਕਰਨ ਵਾਲਾ ਹੈ। ਉਧਰ ਕੰਸਰਵੇਟਿਵ ਪਾਰਟੀ ਆਗੂ ਇਹ ਸਪੱਸ਼ਟ ਦੋਸ਼ ਲਗਾ ਚੁੱਕੇ ਹਨ ਕਿ ਪਿਛਲੀਆਂ 2021 ਦੀਆਂ ਚੋਣਾਂ ਦੌਰਾਨ ਚੀਨੀ ਦਖਲ ਅੰਦਾਜੀ ਕਾਰਣ ਉਹਨਾਂ ਦੀ ਪਾਰਟੀ ਨੂੰ ਘੱਟੋ ਘੱਟ 9 ਸੀਟਾਂ ਉਪਰ ਨੁਕਸਾਨ ਝੱਲਣਾ ਪਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਕੰਸਰਵੇਟਿਵ ਦੇ ਮੁਕਾਬਲੇ ਲਿਬਰਲ ਪਾਰਟੀ ਨੂੰ ਚੀਨੀ ਹਿੱਤਾਂ ਲਈ ਬੇਹਤਰ ਸਮਝਦੀ ਹੈ। ਸ਼ਾਇਦ ਇਸੇ ਲਈ ਉਹਨਾਂ ਨੇ ਕੈਨੇਡਾ ਵਿਚ ਚੀਨੀ ਮੂਲ ਦੇ ਧਨਾਢ ਵਿਅਕਤੀਆਂ ਨੂੰ ਲਿਬਰਲ ਪਾਰਟੀ ਦੀ ਮਦਦ ਕਰਨ ਦੀ ਹਦਾਇਤ ਕੀਤੀ ਸੀ। ਇਹ ਵੀ ਕਿ ਚੀਨ ਸਰਕਾਰ ਦੇ ਇਸ਼ਾਰੇ ਉਪਰ ਹੀ ਜਸਟਿਨ ਟਰੂਡੋ ਦੀ ਪਾਰਟੀ ਆਗੂ ਦੀ ਚੋਣ ਸਮੇਂ ਉਹਨਾਂ ਲਈ ਕਥਿਤ ਇਕ ਮਿਲੀਅਨ ਡਾਲਰ ਦੀ ਡੋਨੇਸ਼ਨ ਦਾ ਪ੍ਰਬੰਧ ਕੀਤਾ ਗਿਆ ਸੀ। ਇਸੇ ਦੇ ਚਲਦਿਆਂ ਹੀ ਸੀਨੀਅਰ ਟਰੂਡੋ ਦੇ ਨਾਮ ਉਪਰ ਟਰੂਡੋ ਫਾਊਂਡੇਸ਼ਨ ਨੂੰ 2 ਲੱਖ ਡਾਲਰ ਦੀ ਡੋਨੇਸ਼ਨ ਦਿੱਤੀ ਗਈ। ਬਾਦ ਵਿਚ ਟਰੂਡੋ ਫਾਊਂਡੇਸ਼ਨ ਦੇ ਮੈਨੇਜਰ ਨੂੰ ਇਹ ਸਪੱਸ਼ਟ ਕਰਨਾ ਪਿਆ ਕਿ ਉਹਨਾਂ ਦੀ ਫਾਉਂਡੇਸ਼ਨ ਨੇ 2 ਲੱਖ ਡਾਲਰ ਦੀ ਇਹ ਡੋਨੇਸ਼ਨ ਵਾਪਿਸ ਕਰ ਦਿੱਤੀ ਸੀ ਕਿਉਂਕਿ ਕੈਨੇਡੀਅਨ ਕਨੂੰਨ ਮੁਤਾਬਿਕ ਵਿਦੇਸ਼ੀ ਸਪਾਂਸਰ ਤੋਂ ਕੋਈ ਵੀ ਡੋਨੇਸ਼ਨ ਸਵੀਕਾਰ ਨਹੀ ਕੀਤੀ ਜਾ ਸਕਦੀ। ਜਿਕਰਯੋਗ ਹੈ ਕਿ ਪ੍ਰਸਿਧ ਕੌਮੀ ਅਖਬਾਰ ਗਲੋਬ ਐਂਡ ਮੇਲ ਵਲੋਂ ਛਾਪੀ ਗਈ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਚੀਨ ਨੇ 2021 ਦੀਆਂ ਚੋਣਾਂ ਵਿੱਚ ਟਰੂਡੋ ਦੀ ਅਗਵਾਈ ਵਾਲੇ ਲਿਬਰਲ ਉਮੀਦਵਾਰਾਂ ਨੂੰ ਦੁਬਾਰਾ ਚੁਣੇ ਜਾਣ ਅਤੇ ਚੀਨ ਲਈ ਗੈਰ-ਦੋਸਤਾਨਾ ਸਮਝੇ ਜਾਂਦੇ ਕੰਸਰਵੇਟਿਵ ਉਮੀਦਵਾਰਾਂ ਨੂੰ ਹਰਾਉਣ ਦੀ ਮੁਹਿੰਮ ਚਲਾਈ ਸੀ । ਇਸ ਰਿਪੋਰਟ ਉਪਰੰਤ ਵਿਰੋਧੀ ਪਾਰਟੀਆਂ ਨੇ ਇਸਦੀ ਜਨਤਕ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਸੀ। ਜਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਨੇ ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਇੰਡੋਨੇਸ਼ੀਆ ਵਿੱਚ ਜੀ 20 ਦੀ ਮੀਟਿਗ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਕੈਨੇਡੀਅਨ ਸਿਆਸਤ ਵਿਚ ਕਥਿਤ ਚੀਨੀ ਦਖਲਅੰਦਾਜੀ ਉਪਰ ਚਿੰਤਾ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਸ ਦੌਰਾਨ ਚੀਨੀ ਰਾਸ਼ਟਰਪਤੀ ਨੇ ਉਹਨਾਂ ਨੂੰ ਬੁਰੀ ਤਰਾਂ ਅਣਗੌਲਿਆ ਕਰਨ ਦਾ ਯਤਨ ਕੀਤਾ ਸੀ। ਕੈਨੇਡੀਅਨ ਸਿਆਸਤ ਵਿੱਚ ਚੀਨੀ ਦਖਲ ਦੀਆਂ ਖਬਰਾਂ ਅਤੇ ਹੁਣ ਪ੍ਰਧਾਨ ਮੰਤਰੀ ਟਰੂਡੋ ਵਲੋਂ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦੇਣ ਨਾਲ ਦੋਵਾਂ ਮੁਲਕਾਂ ਵਿਚਾਲੇ ਤਣਾਅਪੂਰਨ ਕੂਟਨੀਤਕ ਸਬੰਧਾਂ ਦੀ ਇੱਕ ਹੋਰ ਪਰਤ ਜੁੜ ਗਈ ਹੈ। ਜਿਕਰਯੋਗ ਹੈ ਕਿ 2018 ਦੇ ਅਖੀਰ ਵਿੱਚ ਦੋਵਾਂ ਮੁਲਕਾਂ ਦੇ ਸਬੰਧ ਉਸ ਸਮੇਂ ਤਣਾਅਪੂਰਣ ਬਣ ਗਏ ਸਨ ਜਦੋਂ ਅਮਰੀਕਾ ਦੇ ਕਹਿਣ ਤੇ ਕੈਨੇਡੀਅਨ ਪੁਲਿਸ ਨੇ ਵਾਵੇ ਦੀ ਮੁੱਖ ਵਿੱਤੀ ਅਧਿਕਾਰੀ ਅਤੇ ਕੰਪਨੀ ਦੇ ਮਾਲਕ ਦੀ ਧੀ ਮੇਂਗ ਵੈਂਜੋ ਨੂੰ ਵੈਨਕੂਵਰ ਏਅਰਪੋਰਟ ਤੋ ਹਿਰਾਸਤ ਵਿੱਚ ਲੈ ਲਿਆ ਸੀ। ਇਸਦੇ ਬਦਲੇ ਵਜੋਂ ਚੀਨ ਨੇ ਜਾਸੂਸੀ ਦੇ ਦੋਸ਼ਾਂ ਵਿੱਚ ਦੋ ਕੈਨੇਡੀਅਨ ਡਿਪਲੋਮੈਂਟਾਂ ਨੂੰ ਗ੍ਰਿਫਤਾਰ ਕਰ ਲਿਆ ਸੀ । ਬਾਦ ਵਿਚ 2021 ਵਿਚ ਇਕ ਗੁਪਤ ਸਮਝੌਤਾ ਹੋਣ ਉਪਰੰਤ ਕੈਨੇਡਾ ਨੇ ਬਿਨਾਂ ਸ਼ਰਤ ਵੈਨਜੋ ਨੂੰ ਰਿਹਾਅ ਕਰ ਦਿੱਤਾ ਤੇ ਚੀਨ ਨੇ ਵੀ ਦੋਵੇਂ ਡਿਪਲੋਮੈਟ ਰਾਤੋ ਰਾਤ ਕੈਨੇਡਾ ਲਈ ਤੋਰ ਦਿੱਤੇ ਸਨ। ਬਿਨਾਂ ਸ਼ੱਕ ਕੈਨੇਡੀਅਨ ਸਿਆਸਤ ਵਿਚ ਚੀਨੀ ਦਖਲਅੰਦਾਜੀ ਨੂੰ ਸਵੀਕਾਰ ਕਰਦਿਆਂ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ ਪਰ ਵਿਰੋਧੀ ਪਾਰਟੀਆਂ ਲਈ ਇਹ ਮੁੱਦਾ ਟਰੂਡੋ ਤੇ ਉਹਨਾਂ ਦੀ ਪਾਰਟੀ ਨੂੰ ਘੇਰਨ ਲਈ ਠੋਸ ਸਬੂਤਾਂ ਸਮੇਤ ਪੇਸ਼ ਪੇਸ਼ ਰਹਿ ਸਕਦਾ ਹੈ। ਚੋਣਾਂ ਵਿਚ ਚੀਨੀ ਦਖਲ ਕਾਰਣ ਕੰਸਰਵੇਟਿਵ ਪਾਰਟੀ ਨੂੰ ਪੁੱਜੇ ਨੁਕਸਾਨ ਦੇ ਨਾਲ ਲਿਬਰਲ ਪਾਰਟੀ ਅਤੇ ਟਰੂਡੋ ਫਾਊਂਡੇਸ਼ਨ ਲਈ ਚੀਨੀ ਡੋਨੇਸ਼ਨ ਤੇ ਫਿਰ ਇਹ ਡੋਨੇਸ਼ਨ ਵਾਪਿਸ ਕੀਤੇ ਜਾਣ ਦੇ ਸਵਾਲ ਅਜਿਹੇ ਹਨ, ਜਿਹਨਾਂ ਤੋ ਪਿੱਛਾ ਛੁਡਾਉਣਾ ਆਸਾਨ ਨਹੀਂ ਹੋਵੇਗਾ। ਵਿਰੋਧੀ ਪਾਰਟੀਆਂ ਵਲੋਂ ਇਸ ਜਾਂਚ ਨੂੰ ਸੰਸਦੀ ਘੇਰੇ ਤੋ ਵਧਾਕੇ ਜਨਤਕ ਜਾਂਚ ਦੇ ਦਾਇਰੇ ਵਿਚ ਲਿਆਉਣ ਦੀ ਮੰਗ ਵੀ ਜੋਰ ਫੜ ਸਕਦੀ ਹੈ।












# ਪਿਅਰੇ ਪੋਲੀਵਰੇ ਨੂੰ ਫੈਡਰਲ ਚੋਣਾਂ ਲਈ ਆਪਣਾ ਨੀਤੀਗਤ ਪਲੇਟਫਾਰਮ ਬਚਾਉਣਾ ਚਾਹੀਦਾ-ਹਾਰਪਰ

ਓਟਵਾ-ਸਾਬਕਾ ਕੰਸਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਕਹਿਣਾ ਕਿ ਮੌਜੂਦਾ ਪਾਰਟੀ ਨੇਤਾ ਪਿਅਰੇ ਪੋਲੀਵਰੇ ਨੂੰ ਹੁਣ ਬਹੁਤੇ ਨੀਤੀਗਤ ਵਿਚਾਰ ਪੇਸ਼ ਨਹੀਂ ਕਰਨੇ ਚਾਹੀਦੇ ਸਗੋਂ ਅਗਲੀਆਂ ਫੈਡਰਲ ਚੋਣਾਂ ਲਈ ਪਹਿਲੇ ਵਿਚਾਰਾਂ 'ਤੇ ਕਾਇਮ ਰਹਿਣਾ ਚਾਹੀਦਾ ਹੈ। ਬੁੱਧਵਾਰ ਰਾਤ ਨੂੰ ਓਟਵਾ ਬਾਲਰੂਮ ਵਿਚ ਕੰਸਰਵੇਟਿਵ ਕਾਨਫਰੰਸ ਵਿਚ ਸ਼ਾਮਿਲ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਕਹਿੰਦੇ ਹਨ ਕਿ ਕੰਸਰਵੇਟਿਵ ਵਿਰੋਧੀ ਪਾਰਟੀਆਂ ਨੂੰ ਹੁਣ ਤੋਂ ਯੋਜਨਾਵਾਂ ਤੇ ਪ੍ਰਸਤਾਵ ਤਿਆਰ ਕਰਨੇ ਚਾਹੀਦੇ ਹਨ। ਹਾਰਪਰ ਨੇ ਕਿਹਾ ਕਿ ਸੈਂਟਰਲ ਕੰਸਰਵੇਟਿਵਜ਼ ਦੇ ਮਾਮਲੇ ਵਿਚ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਲਿਬਰਲ ਮੀਡੀਆ ਚਾਹੁੰਦਾ ਹੈ ਕਿ ਪਿਅਰੇ ਪੋਲੀਵਰੇ ਆਪਣੇ ਆਪ ਨੂੰ ਮੁੱਦਾ ਬਣਾਉਣ। ਓਟਵਾ ਵਿਚ ਸਾਲਾਨਾ ਕੈਨੇਡਾ ਸਟਰਾਂਗ ਐਂਡ ਫਰੀ ਨੈੱਟਵਰਕ ਕਾਨਫਰੰਸ ਦੇ ਹਿੱਸੇ ਵਜੋਂ ਰਿਫਾਰਟ ਪਾਰਟੀ ਦੇ ਸੰਸਥਾਪਕ ਅਤੇ ਸਾਬਕਾ ਨੇਤਾ ਪ੍ਰੇਸਟਨ ਮੈਨਿੰਗ ਨਾਲ ਇਕ ਫਾਇਰਸਾਈਡ ਗੱਲਬਾਤ ਵਿਚ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਵਿਕਲਪਾਂ ਬਾਰੇ ਵਿਸਥਾਰ ਨਾਲ ਦੱਸਣ ਦਾ ਸਮਾਂ ਚੋਣ ਮੁਹਿੰਮ ਹੁੰਦੀ ਹੈ। ਹਾਰਪਰ ਨੇ ਚਿਤਾਵਨੀ ਦਿੱਤੀ ਕਿ ਫੈਡਰਲ ਕੰਸਰਵੇਟਿਵਜ਼ ਨੂੰ ਆਪਣੇ ਨੀਤੀ ਵਿਚਾਰਾਂ ਦਾ ਹੁਣ ਖੁਲਾਸਾ ਨਹੀਂ ਕਰਨਾ ਚਾਹੁਦਾ ਹੈ ਅਤੇ ਚੋਣਾਂ ਤੇ ਸੰਭਾਵਤ ਸਰਕਾਰ ਤੋਂ ਪਹਿਲਾਂ ਉਨ੍ਹਾਂ ਦੇ ਵੇਰਵੇ ਵਿਕਸਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

# ਫਰਵਰੀ ਵਿਚ ਇਕ ਵਾਰ ਫਿਰ ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਘਟੀਆਂ

ਓਟਵਾ-ਟੋਰਾਂਟੋ-ਨੈਸ਼ਨਲ ਬੈਂਕ ਨੈਸ਼ਨਲ ਕੰਪੋਜ਼ਿਟ ਹਾਊਸ ਪ੍ਰਾਈਸ ਡਾਟਾ ਤੋਂ ਪਤਾ ਲਗਦਾ ਹੈ ਕਿ ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਜਨਵਰੀ ਤੋਂ ਫਰਵਰੀ ਵਿਚ 0.3 ਫ਼ੀਸਦੀ ਘਟੀਆਂ ਹਨ ਕਿਉਂਕਿ 11 ਪ੍ਰਮੁੱਖ ਬਾਜ਼ਾਰਾਂ ਵਿਚੋਂ 7 ਵਿਚ ਕੀਮਤਾਂ ਘਟੀਆਂ ਹਨ। ਸੂਚਕਾਂਕ ਜਿਹੜਾ ਮੁੱਖ ਕੈਨੇਡੀਅਨ ਬਾਜ਼ਾਰਾਂ ਵਿਚ ਸਿੰਗਲ ਫੈਮਿਲੀ ਘਰਾਂ ਦੀ ਰਿਪੀਟ ਵਿਕਰੀ ਨੂੰ ਟਰੈਕ ਕਰਦਾ ਹੈ ਤੋਂ ਪਤਾ ਲਗਦਾ ਹੈ ਕਿ ਟੋਰਾਂਟੋ ਤੇ ਕੈਲਗਰੀ ਵਿਚ ਕੀਮਤਾਂ ਵਿਚ ਮਹੀਨਾਵਾਰ ਗਿਰਾਵਟ ਦਸੰਬਰ ਤੋਂ ਜਨਵਰੀ ਵਿਚ ਦਰਜ 1.1 ਫ਼ੀਸਦੀ ਗਿਰਾਵਟ ਤੋਂ ਘੱਟ ਰਹੀ। ਕੀਮਤਾਂ ਜਿਹੜੀਆਂ ਮੌਸਮੀ ਤੌਰ 'ਤੇ ਐਡਜਸਟ ਨਹੀਂ ਕੀਤੀਆਂ ਗਈਆਂ, ਵੈਨਕੂਵਰ ਅਤੇ ਵਿਕਟੋਰੀਆ ਸਮੇਤ ਚਾਰ ਸ਼ਹਿਰਾਂ ਵਿਚ ਵਧੀਆਂ ਹਨ। ਦੋਵੇਂ ਸ਼ਹਿਰ ਪੱਛਮੀ ਸੂਬੇ ਬੀਸੀ ਵਿਚ ਪੈਂਦੇ ਹਨ। ਨੈਸ਼ਨਲ ਬੈਂਕ ਆਫ ਕੈਨੇਡਾ ਦਾ ਅਰਥਸ਼ਾਸਤਰੀ ਡੈਰਨ ਕਿੰਗ ਨੇ ਇਕ ਬਿਆਨ ਵਿਚ ਦੱਸਿਆ ਕਿ ਫਰਵਰੀ 2022 ਦੇ ਮੁਕਾਬਲੇ ਇਸ ਫਰਵਰੀ ਵਿਚ ਮਕਾਨਾਂ ਦੀਆਂ ਕੀਮਤਾਂ 4.7 ਫ਼ੀਸਦੀ ਘਟੀਆਂ ਹਨਜਿਹੜੀਆਂ ਸਾਲ ਦਰ ਸਾਲ ਲਗਾਤਾਰ ਦੂਸਰੇ ਸਾਲ ਦੀ ਗਿਰਾਵਟ ਨੂੰ ਦਰਸਾਉਂਦੀਆਂ ਹਨ।



# ਐਡਮਿੰਟਨ ਵਿਚ ਗੋਲੀ ਮਾਰ ਕੇ ਮਾਰੇ ਗਏ ਪੁਲਿਸ ਅਫਸਰਾਂ ਦਾ ਅੰਤਿਮ ਸੰਸਕਾਰ 27 ਨੂੰ

ਐਡਮਿੰਟਨ-ਪੁਲਿਸ ਨੇ ਦੱਸਿਆ ਕਿ ਐਡਮਿੰਟਨ ਦੇ ਦੋ ਪੁਲਿਸ ਅਫਸਰਾਂ ਜਿਨ੍ਹਾਂ ਪਿਛਲੇ ਹਫਤੇ ਡਿਊਟੀ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਸੀ ਦਾ ਰੈਜੀਮੈਂਟਲ ਅੰਤਿਮ ਸੰਸਕਾਰ ਦਾ ਸਮਾਂ ਤਹਿ ਕਰ ਲਿਆ ਹੈ। 35 ਸਾਲਾ ਕੰਸਟੇਬਲ ਟਰੈਵਿਸ ਜਾਰਡਨ ਅਤੇ 30 ਸਾਲਾ ਕੰਸਟੇਬਲ ਬਰੇਟ ਰਿਆਨ ਦਾ ਅੰਤਿਮ ਸੰਸਕਾਰ ਨੈਸ਼ਨਲ ਹਾਕੀ ਲੀਗ ਦੇ ਐਡਮਿੰਟਨ ਆਇਲਰਸ ਦੇ ਘਰੇਲੂ ਮੈਦਾਨ ਵਿਚ ਰੋਜਰਸ ਪਲੇਸ ਵਿਖੇ 27 ਮਾਰਚ ਨੂੰ ਕੀਤਾ ਜਾਵੇਗਾ। ਪੁਲਿਸ ਨੇ ਦੱਸਿਆ ਕਿ ਦੋਵੇਂ ਕੰਸਟੇਬਲ ਵੀਰਵਾਰ ਸਵੇਰੇ ਨੌਰਥਵੈਸਟ ਅਪਾਰਟਮੈਂਟ ਕੰਪਲੈਕਸ ਵਿਚ ਇਕ ਪਰਿਵਾਰਕ ਵਿਵਾਦ ਨੂੰ ਲੈ ਕੇ ਆਏ ਫੋਨ ਕਾਰਨ ਉਥੇ ਗਏ ਸਨ ਜਦੋਂ 16 ਸਾਲਾ ਲੜਕੇ ਨੇ ਕਈ ਗੋਲੀਆਂ ਚਲਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਪੁਲਿਸ ਨੇ ਦੱਸਿਆ ਕਿ ਬੰਦੂਕ ਖੋਹਣ ਦੌਰਾਨ ਲੜਕੇ ਨੇ ਆਪਣੀ ਮਾਂ ਨੂੰ ਵੀ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਕੇ ਖਤਮ ਕਰ ਲਿਆ। ਅਧਿਕਾਰੀਆਂ ਦੀਆਂ ਲਾਸ਼ਾਂ ਫਿਊਨਰਲ ਹੋਮ ਲਈ ਮੈਡੀਕਲ ਐਗਜ਼ਾਮੀਨਰ ਦੇ ਦਫਤਰ ਤੋਂ ਲਿਜਾਈਆਂ ਜਾਣਗੀਆਂ। ਅਧਿਕਾਰੀਆਂ ਨੇ ਦੱਸਿਆ ਕਿ 55 ਸਾਲਾ ਮਾਂ ਨੇ 911 'ਤੇ ਫੋਨ ਕੀਤਾ ਸੀ ਕਿ ਉਸ ਨੂੰ ਉਸ ਦਾ ਕਿਸ਼ੋਰ ਲੜਕਾ ਤੰਗ ਕਰ ਰਿਹਾ ਹੈ ਪਰ ਕਿਸੇ ਹਿੰਸਾ ਜਾਂ ਲੜਕੇ ਕੋਲ ਬੰਦੂਕ ਹੋਣ ਦਾ ਸੰਕੇਤ ਨਹੀਂ ਸੀ ਮਿਲਿਆ।



ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A History of the SIKHS — Khushwant Singh
Condition of The Sikhs in Canada 1901-2001 — Gurcharan Singh
ਧੁੱਪਾਂ-ਛਾਵਾਂ
ਅਣਗਾਹੇ ਰਾਹ
ਖਿੰਡ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



# ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਅਦਾਲਤ 'ਚ ਪੇਸ਼ ਹੋਏ ਦੋਵੇਂ ਬਾਦਲ

ਫ਼ਰੀਦਕੋਟ-ਕੋਟਕਪੂਰਾ ਗੋਲੀ ਕਾਂਡ ਵਿੱਚ ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਿੱਜੀ ਤੌਰ 'ਤੇ ਸਥਾਨਕ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਦੋਵੇਂ ਬਾਦਲਾਂ ਨੂੰ 5-5 ਲੱਖ ਦੇ ਜ਼ਮਾਨਤਨਾਮੇ ਭਰਨ ਤੋਂ ਬਾਅਦ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ 7 ਹਜ਼ਾਰ ਪੰਨਿਆਂ ਦੇ ਚਲਾਨ ਦੀ ਨਕਲ ਵੀ ਸੌਂਪੀ ਹੈ। ਦੋ ਘੰਟੇ ਦੇਰੀ ਨਾਲ ਅਦਾਲਤ ਵਿੱਚ ਪੁੱਜੇ ਬਾਦਲਾਂ ਦੀ ਪੇਸ਼ੀ ਸਮੇਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਅਦਾਲਤ ਦੇ



ਬਾਹਰ 2 ਹਜ਼ਾਰ ਤੋਂ ਵੱਧ ਅਕਾਲੀ ਦਲ ਦੇ ਵਰਕਰ ਮੌਜੂਦ ਸਨ। ਅਦਾਲਤੀ ਕੰਪਲੈਕਸ ਵਿੱਚ ਬਾਦਲਾਂ ਦੀ ਪੇਸ਼ੀ ਸਮੇਂ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਸਿਕੰਦਰ ਸਿੰਘ ਮਲੂਕਾ, ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਅਕਾਲੀ ਦਲ ਦੀ ਸਮੁੱਚੀ ਕੋਰ ਕਮੇਟੀ ਦੇ ਮੈਂਬਰ ਹਾਜ਼ਰ ਸਨ। ਪ੍ਰਕਾਸ਼ ਸਿੰਘ ਬਾਦਲ ਪੇਸ਼ੀ ਭੁਗਤਣ ਤੋਂ ਬਾਅਦ ਬਿਨਾਂ ਕੋਈ ਗੱਲਬਾਤ ਕੀਤਿਆਂ ਪਰਤ ਗਏ ਜਦੋਂ ਕਿ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸੂਬਾ ਸਰਕਾਰ ਨੇ ਜਾਣਬੁੱਝ ਕੇ ਬਦਨਾਮ ਕਰਨ ਲਈ ਝੂਠੇ ਕੇਸ ਵਿੱਚ ਫਸਾਇਆ ਹੈ। ਉਨ੍ਹਾਂ ਕਿਹਾ ਕਿ ਨਿਆਂ ਪ੍ਰਣਾਲੀ ਵਿੱਚ ਉਨ੍ਹਾਂ ਨੂੰ ਪੂਰਨ ਭਰੋਸਾ ਹੈ ਅਤੇ ਜਲਦ ਹੀ ਇਨਸਾਫ਼ ਮਿਲੇਗਾ।

# ਰਾਹੁਲ ਗਾਂਧੀ ਨੂੰ ਮਾਨਹਾਨੀ ਮਾਮਲੇ 'ਚ ਦੋ ਸਾਲ ਦੀ ਸਜ਼ਾ

ਸਫ਼ਾ 3 ਦੀ ਬਾਕੀ

ਕਾਂਗਰਸ ਨੇ ਕਿਹਾ ਕਿ ਰਾਹੁਲ ਗਾਂਧੀ ਸੂਰਤ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਪੀਲ ਦਾਖ਼ਲ ਕਰਨਗੇ। ਆਪਣੇ ਹੁਕਮਾਂ 'ਚ ਅਦਾਲਤ ਨੇ ਕਿਹਾ ਕਿ ਮੁਲਜ਼ਮ ਸੰਸਦ ਮੈਂਬਰ ਹੈ ਅਤੇ ਉਹ ਆਪਣੇ ਭਾਸ਼ਨ ਰਾਹੀਂ ਜੋ ਕੁਝ ਵੀ ਆਖਦਾ ਹੈ, ਉਸ ਦਾ ਲੋਕਾਂ 'ਤੇ ਅਸਰ ਪੈਂਦਾ ਹੈ ਜਿਸ ਨਾਲ ਅਪਰਾਧ ਦੀ ਗੰਭੀਰਤਾ ਵਧ ਜਾਂਦੀ ਹੈ। ਅਦਾਲਤ ਨੇ ਕਿਹਾ ਕਿ ਜੇਕਰ ਮੁਲਜ਼ਮ ਨੂੰ ਘੱਟ ਸਜ਼ਾ ਦਿੱਤੀ ਜਾਂਦੀ ਹੈ ਤਾਂ ਇਹ ਲੋਕਾਂ ਨੂੰ ਗਲਤ ਸੁਨੇਹਾ ਜਾਵੇਗਾ ਅਤੇ ਮਾਣਹਾਨੀ ਨੂੰ ਰੋਕਣ ਦਾ ਮਕਸਦ ਪੂਰਾ ਨਹੀਂ ਹੋਵੇਗਾ ਤੇ ਕੋਈ ਵੀ ਆਸਾਨੀ ਨਾਲ ਕਿਸੇ 'ਤੇ ਦੂਸ਼ਣਬਾਜ਼ੀ ਕਰਦਾ ਰਹੇਗਾ। ਅਦਾਲਤ ਨੇ ਕਿਹਾ ਕਿ ਮੁਲਜ਼ਮ ਨੇ ਆਪਣੇ ਬਿਆਨ 'ਚੌਕੀਦਾਰ ਹੀ ਚੋਰ ਹੈ' ਲਈ ਪਹਿਲਾਂ ਮੁਆਫ਼ੀ ਮੰਗੀ ਸੀ ਤਾਂ ਸੁਪਰੀਮ ਕੋਰਟ ਨੇ ਉਸ ਨੂੰ ਭਵਿੱਖ 'ਚ ਚੌਕਸ ਰਹਿਣ ਦੀ ਹਦਾਇਤ ਕੀਤੀ ਸੀ ਪਰ ਇਸ ਦੇ ਬਾਵਜੂਦ ਉਸ ਦੇ ਵਿਹਾਰ 'ਚ ਕੋਈ ਬਦਲਾਅ ਦੇਖਣ ਨੂੰ ਨਹੀਂ ਮਿਲਿਆ ਹੈ। ਸੁਣਵਾਈ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਸ ਨੇ ਲੋਕਾਂ ਦੇ ਹਿੱਤ 'ਚ ਆਪਣਾ ਫ਼ਰਜ਼ ਨਿਭਾਉਂਦਿਆਂ ਭਾਸ਼ਨ ਦਿੱਤਾ ਸੀ। ਕਾਂਗਰਸ ਆਗੂ ਨੇ ਇਹ ਵੀ ਕਿਹਾ ਕਿ ਉਹ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਨਾਲ ਪਿਆਰ ਕਰਦਾ ਹੈ। ਰਾਹੁਲ ਦੇ ਵਕੀਲ ਨੇ ਕਿਹਾ ਕਿ ਉਸ ਦੇ ਮੁਵੱਕਿਲ ਦਾ ਇਰਾਦਾ ਕਿਸੇ ਦਾ ਅਪਮਾਨ ਕਰਨਾ ਨਹੀਂ ਸੀ ਅਤੇ ਉਸ ਨੂੰ ਘੱਟ ਸਜ਼ਾ ਸੁਣਾਈ ਜਾਵੇ। 'ਸ਼ਿਕਾਇਤਕਰਤਾ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ ਹੈ ਅਤੇ ਮੁਲਜ਼ਮ ਨੂੰ ਪਹਿਲਾਂ ਕਿਸੇ ਵੀ ਅਪਰਾਧ 'ਚ ਦੋਸ਼ੀ ਨਹੀਂ ਪਾਇਆ ਗਿਆ ਹੈ ਅਤੇ ਉਸ ਨੇ ਕਿਸੇ ਤੋਂ ਵੀ ਰਹਿਮ ਜਾਂ ਮੁਆਫ਼ੀ ਨਹੀਂ ਮੰਗੀ ਹੈ।' ਭਾਜਪਾ ਦੇ ਸੂਰਤ ਪੱਛਮੀ ਤੋਂ ਵਿਧਾਇਕ ਅਤੇ ਗੁਜਰਾਤ ਦੇ ਸਾਬਕਾ ਮੰਤਰੀ ਪੁਰਨੇਸ਼ ਮੋਦੀ ਨੇ ਰਾਹੁਲ ਗਾਂਧੀ ਖ਼ਿਲਾਫ਼ ਸ਼ਿਕਾਇਤ ਕੀਤੀ ਸੀ। ਉਸ ਨੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਗੁਜਰਾਤ ਭਾਜਪਾ ਦੇ ਮੁਖੀ ਸੀ ਆਰ ਪਾਟਿਲ ਨੇ ਕਿਹਾ ਕਿ ਦੇਸ਼ ਦਾ ਅਪਮਾਨ ਕਰਨ ਲਈ ਲੋਕ ਰਾਹੁਲ ਗਾਂਧੀ ਨੂੰ ਸਬਕ ਸਿਖਾਉਣਗੇ। ਵਾਇਨਾਡ ਤੋਂ ਲੋਕ ਸਭਾ ਮੈਂਬਰ ਰਾਹੁਲ ਨੇ ਕਰਨਾਟਕ ਦੇ ਕੋਲਾਰ 'ਚ 13 ਅਪਰੈਲ, 2019 'ਚ



ਰੈਲੀ ਨੂੰ ਸੰਬੋਧਨ ਕਰਦਿਆਂ ਵਿਵਾਦਤ ਟਿੱਪਣੀ ਕੀਤੀ ਸੀ। ਸੁਪਰੀਮ ਕੋਰਟ ਦੇ ਵਕੀਲ ਮਹੇਸ਼ ਜੇਠਮਲਾਨੀ ਮੁਤਾਬਕ ਸੰਸਦ ਤੋਂ ਅਯੋਗ ਠਹਿਰਾਉਣ ਦਾ ਅਮਲ ਜਨ ਪ੍ਰਤੀਨਿਧ ਐਕਟ ਮੁਤਾਬਕ ਤਿੰਨ ਮਹੀਨਿਆਂ ਤੱਕ ਸ਼ੁਰੂ ਨਹੀਂ ਹੋਵੇਗਾ ਅਤੇ ਜੇਕਰ ਉਪਰਲੀ ਅਦਾਲਤ ਉਸ ਦੀ ਸਜ਼ਾ 'ਤੇ ਰੋਕ ਲਗਾ ਦਿੰਦੀ ਹੈ ਤਾਂ ਕੇਸ ਦੇ ਨਿਬੇੜੇ ਤੱਕ ਰਾਹੁਲ ਨੂੰ ਅਯੋਗ ਨਹੀਂ ਠਹਿਰਾਇਆ ਜਾ ਸਕੇਗਾ।

## ਪਿਛਲੇ ਸਾਲ ਕੈਨੇਡਾ ਦੀ ਆਬਾਦੀ ਵਿਚ 10 ਲੱਖ ਦਾ ਵਾਧਾ...

ਸਫ਼ਾ 1 ਦੀ ਬਾਕੀ

ਆਉਣ ਵਾਲੇ ਲਗਭਗ 26 ਸਾਲਾਂ ਵਿੱਚ ਕੈਨੇਡੀਅਨ ਦੀ ਆਬਾਦੀ ਦੁੱਗਣੀ ਹੋ ਜਾਵੇਗੀ। ਅੰਤਰਰਾਸ਼ਟਰੀ ਪ੍ਰਵਾਸ ਵਿੱਚ ਦੇਖਿਆ ਗਿਆ ਵਾਧਾ ਕੈਨੇਡਾ ਸਰਕਾਰ ਵੱਲੋਂ ਆਰਥਿਕਤਾ ਦੇ ਮੁੱਖ ਖੇਤਰਾਂ ਵਿੱਚ ਮਜ਼ਦੂਰਾਂ ਦੀ ਕਮੀ ਨੂੰ ਘੱਟ ਕਰਨ ਦੇ ਯਤਨਾਂ ਸਦਕਾ ਹੋਇਆ ਹੈ। ਦੂਜੇ ਪਾਸੇ ਸਥਾਈ ਅਤੇ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਵਧਣ ਕਾਰਨ ਕੈਨੇਡਾ ਵਿਚ ਰਿਹਾਇਸ਼, ਬੁਨਿਆਦੀ ਢਾਂਚੇ ਅਤੇ ਆਵਾਜਾਈ ਅਤੇ ਜਨਤਕ ਸੇਵਾਵਾਂ ਪ੍ਰਦਾਨ ਕਰਨ ਨਾਲ ਸਬੰਧਤ ਦੇਸ਼ ਦੇ ਕੁਝ ਖੇਤਰਾਂ ਲਈ ਸਾਹਮਣੇ ਵੱਡੀਆਂ ਚੁਣੌਤੀਆਂ ਨੂੰ ਵੀ ਦਰਸਾ ਰਿਹਾ ਹੈ।

## ਐਨ.ਡੀ.ਪੀ. ਵਲੋਂ ਲਿਬਰਲ ਸਰਕਾਰ ਦੀ ਹਮਾਇਤ ਬਜਟ ਉਮੀਦਾਂ 'ਤੇ...

ਸਫ਼ਾ 1 ਦੀ ਬਾਕੀ

ਇਕ ਮੁਲਾਕਾਤ ਵਿਚ ਜਗਮੀਤ ਸਿੰਘ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਡੈਂਟਲ ਕੇਅਰ 'ਤੇ ਕਾਰਵਾਈ ਅਤੇ ਘੱਟ ਆਮਦਨ ਵਾਲੇ ਕੈਨੇਡੀਅਨਾਂ ਦੀ ਵਿਤੀ ਸਹਾਇਤਾ ਮੁਹਈਆ ਕਰਨ ਬਦਲੇ ਘਟਗਿਣਤੀ ਲਿਬਰਲ ਸਰਕਾਰ ਦੀ ਸਮਰਥਨ ਜਾਰੀ ਰੱਖਣ ਲਈ ਤਿਆਰ ਹੈ ਪਰ ਇਹ ਸਵੀਕਾਰ ਕੀਤਾ ਕਿ ਉਹ ਕੁਝ ਨਹੀਂ ਹੋ ਰਿਹਾ ਜਿਸ ਦੀ ਅਸਲ ਵਿਚ ਉਨ੍ਹਾਂ ਨੇ ਆਸ ਕੀਤੀ ਸੀ ? ਐਨਡੀਪੀ ਨੇਤਾ ਨੇ ਦਸਿਆ ਕਿ ਫਾਰਮਕੇਅਰ ਨੂੰ ਲੈ ਕੇ ਨਿਰਾਸ਼ਾ ਦੇ ਬਾਵਜੂਦ ਉਨ੍ਹਾਂ ਦੀ ਪਾਰਟੀ ਨੇ ਡੈਂਟਲ ਕੇਅਰ 'ਤੇ ਅਰਥਭਰਪੂਰ ਪ੍ਰਗਤੀ ਕੀਤੀ ਹੈ ਜਦਕਿ ਘੱਟ ਆਮਦਨ ਵਾਲੇ ਕੈਨੇਡੀਅਨ ਲਈ ਜੀਐਸਟੀ ਕਰੈਡਿਟ ਨੂੰ ਆਰਜ਼ੀ ਤੌਰ 'ਤੇ ਦੁੱਗਣਾ ਕਰਵਾਇਆ ਹੈ ਜੋ ਕਿ ਅਸਲ ਸਮਝੌਤੇ ਦਾ ਹਿੱਸਾ ਨਹੀਂ ਸੀ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:









You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426









# ਇਨਾਮਾਂ ਦੇ ਅਖਾੜੇ 'ਚ ਭਾਰਤ ਨੇ, ਪੰਜਾਬ ਨੇ, ਔਰਤਾਂ ਨੇ ਭਰਵੀਆਂ ਮੱਲਾਂ ਮਾਰੀਆਂ

ਐਤਕੀਂ ਯਾਨੀ 95ਵੇਂ ਆਸਕਰ ਇਨਾਮ ਵੰਡ ਸਮਾਗਮ ਵਿਚ ਭਾਰਤੀਆਂ ਨੇ ਮੱਲਾਂ ਹੀ ਨਹੀਂ ਮਾਰੀਆਂ, ਇਹ ਮੱਲਾਂ ਮਾਰਦਿਆਂ, ਕਈ 'ਜੱਗੋਂ ਤੇਰ੍ਹਵੀਆਂ' ਵੀ ਕੀਤੀਆਂ ਹਨ। ਇਹ ਗੱਲ ਤਾਂ ਹੁਣ ਜੱਗ ਜ਼ਾਹਰ ਹੋ ਗਈ ਹੈ ਕਿ ਭਾਰਤੀ ਫ਼ਿਲਮ ਸਨਅਤ ਦੇ ਮੂੰਹ (ਰੂਹ) ਨੂੰ ਹੁਣ ਆਸਕਰ ਇਨਾਮਾਂ ਦਾ ਸੁਆਦ ਲੱਗ ਗਿਆ ਹੈ, ਜਿਸ ਦੇ ਨਤੀਜੇ ਵਜੋਂ ਇਹ ਸੰਭਵ ਹੈ ਕਿ ਹੁਣ ਤਕ ਮਨੋਰੰਜਨ ਕਰਨ ਦੇ ਉਦੇਸ਼ ਨਾਲ਼ ਹੀ ਫ਼ਿਲਮਾਂ ਬਣਾਉਣ ਦੇ ਦਾਅਵੇ ਕਰਦੀ ਰਹੀ ਇਹ ਇੰਡਸਟਰੀ ਵਿਚੋਂ ਕੋਈ ਮਾਂ ਦਾ ਲਾਲ ਇਹ ਕਹਿ ਦੇਵੇ ਕਿ ਉਹ, ਅਗਲਾ ਆਸਕਰ ਇਨਾਮ ਜਿੱਤਣ ਦੇ ਉਦੇਸ਼ ਨਾਲ਼ ਫ਼ਿਲਮ ਬਣਾ ਰਿਹਾ ਹੈ। ਜੇ, ਬਹੁਤ ਹੀ ਸੀਮਤ ਸਾਧਨਾਂ ਨਾਲ਼ ਬਣਾਈ ਗਈ, ਬਹੁਤ ਹੀ ਸੰਖੇਪ ਜਿਹੀ ਦਸਤਾਵੇਜ਼ੀ ਫ਼ਿਲਮ 'ਦ ਐਲੀਫੈਂਟ ਵਿਸਪਰਰਜ਼' ਆਸਕਰ ਇਨਾਮ ਜਿੱਤ ਕੇ ਲਿਆ ਸਕਦੀ ਹੈ ਤਾਂ ਸੋਚ-ਸਮਝ ਕੇ ਆਸਕਰ ਇਨਾਮ ਜਿੱਤਣ ਦੇ ਉਦੇਸ਼ ਨਾਲ਼ ਫ਼ਿਲਮ ਬਣਾਉਣ ਲਈ ਇਸ ਸਨਅਤ ਵਿਚ ਹੁਨਰ ਦੀ ਘਾਟ ਹੋ ਸਕਦੀ ਹੈ ਨਾ ਸਾਧਨਾਂ ਦੀ। ਲੋੜ ਹੈ ਤਾਂ ਇਸ ਸਨਅਤ ਨੂੰ, ਇਸ ਸਬੰਧ ਵਿਚ ਲੱਕ ਬੰਨ੍ਹਣ ਦੀ ਹੀ ਹੈ। ਭਾਰਤੀ ਫ਼ਿਲਮ ਸਨਅਤ ਦੇ ਇਕ ਖੇਤਰ ਵੱਲੋਂ ਬਣਾਈ ਗਈ ਫ਼ਿਲਮ 'ਆਰ ਆਰ ਆਰ' ਨੇ ਤਕਨੀਕੀ ਪੱਖ ਤੋਂ ਸਾਰੇ ਜਹਾਨ ਦਾ ਧਿਆਨ ਤਾਂ ਖਿੱਚਿਆ ਹੀ ਸੀ, ਉਸ ਦਾ ਇਕ ਗੀਤ 'ਨਾਟੋ-ਨਾਟੋ' ਯਾਨੀ 'ਨਾਚੋ-ਨਾਚੋ' ਵੀ ਇਸ ਵਾਰ ਆਸਕਰ ਇਨਾਮ ਛੂੰਡ ਲਿਆਇਆ। ਇਸ ਗੀਤ ਨੂੰ ਇਹ ਇਨਾਮ ਦੁਆਉਣ ਵਿਚ ਗੀਤ ਦੇ ਬੋਲਾਂ ਦੀ ਮੌਲਿਕਤਾ ਦੇ ਨਾਲ਼-ਨਾਲ਼ ਨਾਚ ਨਿਰਦੇਸ਼ਨ, ਜਾਨਦਾਰ ਅਦਾਕਾਰੀ ਅਤੇ ਵਧੀਆ ਸੰਗੀਤ ਨਿਰਦੇਸ਼ਨ ਦਾ ਵੀ ਹੱਥ ਹੈ। ਇਸ ਇਕ ਇਨਾਮ ਨਾਲ਼ ਇਸ ਗੀਤ ਵਿਚ ਯੋਗਦਾਨ ਪਾਉਣ ਵਾਲ਼ੇ ਕਿੰਨੇ ਵਿਅਕਤੀ ਤੇ ਵਿਭਾਗ ਨਵਾਜ਼ੇ ਗਏ ਹਨ। ਇਨ੍ਹਾਂ ਵਿਚ ਗੀਤਕਾਰ, ਗਾਇਕ, ਸੰਗੀਤ ਨਿਰਦੇਸ਼ਕ, ਨਾਚ ਨਿਰਦੇਸ਼ਕ ਅਤੇ ਅਦਾਕਾਰ ਵੀ ਸ਼ਾਮਲ ਹਨ, ਜਿਨ੍ਹਾਂ ਦੇ ਸਾਂਝੇ ਹੀਲਿਆਂ ਨੇ ਸਾਰੇ ਜਹਾਨ ਵਿਚ ਭਾਰਤ ਦਾ ਨਾਮ ਚਮਕਾਇਆ ਹੈ। ਇਸ ਸਭ ਕੁੱਝ ਤੋਂ ਇਹੋ ਇਸ਼ਾਰੇ ਮਿਲਦੇ ਹਨ ਕਿ ਇਕ ਛੋਟੀ ਜਿਹੀ ਦਸਤਾਵੇਜ਼ੀ ਤੇ ਇਕ ਗੀਤ ਨਾਲ਼ ਹੀ ਦੋ ਆਸਕਰ ਜਿੱਤਣ ਵਾਲ਼ੀ ਭਾਰਤੀ ਫ਼ਿਲਮ ਸਨਅਤ ਅਗਲੇ ਸਮਿਆਂ ਵਿਚ ਕਿਸੇ ਮੁਕੰਮਲ ਫ਼ਿਲਮ ਨਾਲ਼ ਵੀ ਆਸਕਰ ਇਨਾਮ ਜਿੱਤ ਸਕਦੀ ਹੈ। 1929 ਵਿਚ ਦੇਣੇ ਸ਼ੁਰੂ ਕੀਤੇ ਹੋਏ ਆਸਕਰ ਇਨਾਮ, ਜਿਨ੍ਹਾਂ ਨੂੰ ਅਕੈਡਮੀ ਐਵਾਰਡਜ਼ ਵੀ ਕਿਹਾ ਜਾਂਦੈ, ਸਿਨੇਮਾ ਦੇ ਬਹੁਤ ਵਕਾਰੀ ਇਨਾਮ ਹਨ। ਇਹ ਇਨਾਮ ਵਧੀਆ ਫ਼ਿਲਮ, ਵਧੀਆ ਨਿਰਦੇਸ਼ਕ, ਵਧੀਆ ਅਦਾਕਾਰ ਜਾਂ ਅਦਾਕਾਰਾ, ਵਧੀਆ ਅਸਲ ਸਕਰੀਨ ਪਲੇ ਅਤੇ ਕਈ ਹੋਰ ਸ਼੍ਰੇਣੀਆਂ ਵਿਚ ਵੀ ਦਿੱਤੇ ਜਾਂਦੇ ਹਨ।




ਭਾਵੇਂ ਆਸਕਰ ਇਨਾਮ ਜੇਤੂ ਦਸਤਾਵੇਜ਼ੀ ਫ਼ਿਲਮ 'ਦ ਐਲੀਫੈਂਟ ਵਿਸਪਰਰਜ਼' ਦੀ ਨਿਰਮਾਤਾ ਗੁਨੀਤ ਮੌਂਗਾ, ਦਿੱਲੀ 'ਚ ਰਹਿੰਦੀ ਹੈ, ਪਰ ਉਸ ਦਾ ਪਿਛੋਕੜ ਪੰਜਾਬ ਨਾਲ਼ ਜੁੜਦਾ ਹੈ ਤੇ ਉਹ ਪੰਜਾਬਣ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ ਇਲੈਕਟ੍ਰਾਨਿਕ ਪੱਤਰਕਾਰੀ ਵਿਚ ਗਰੈਜੂਏਸ਼ਨ ਕੀਤੀ ਹੋਈ ਹੈ। ਉਹ, ਏਕਤਾ ਕਪੂਰ ਤੇ ਅਨੁਰਾਗ ਕਸ਼ਯਪ ਦੇ ਪੋਡੱਕਸ਼ਨ ਹਾਊਸਿਜ਼ ਵਿਚ ਕੰਮ ਕਰ ਚੁੱਕੀ ਹੈ। ਉਹ, 2008 ਤੋਂ 'ਸਿੱਖਿਆ ਐਂਟਰਟੇਨਮੈਂਟ' ਨਾਂ ਦਾ ਅਦਾਰਾ ਚਲਾ ਰਹੀ ਹੈ। ਉਹ, 2006 ਵਿਚ ਮੁੰਬਈ ਚਲੀ ਗਈ ਸੀ। ਬਹੁਤ ਸਾਰੇ ਪ੍ਰਜੈਕਟਾਂ ਵਿਚ ਕੰਮ ਕਰਨ ਦੇ ਨਾਲ਼-ਨਾਲ਼, ਉਸ ਨੇ 2012 ਵਿਚ ਬਣੀ ਫ਼ਿਲਮ 'ਲਵ-ਰਿੰਕਲ ਫ੍ਰੀ' ਵਿਚ ਅਦਾਕਾਰੀ ਕਰਦਿਆਂ 'ਫਲੋਰੈਂਸ ਮੋਗਾ' ਦਾ ਕਿਰਦਾਰ ਵੀ ਨਿਭਾਇਆ ਸੀ। ਇਸ ਫ਼ਿਲਮ ਦੀ ਨਿਰਦੇਸ਼ਕਾ ਕਾਰਤਿਕੀ ਗੋਂਨਸਾਲਵੇਜ਼, ਦਸਤਾਵੇਜ਼ੀ ਫ਼ਿਲਮਸਾਜ਼ ਹੋਣ ਦੇ ਨਾਲ਼-ਨਾਲ਼ ਇਕ ਫੋਟੋਗ੍ਰਾਫ਼ਰ ਵੀ ਹੈ, ਜੋ 'ਐਨੀਮਲ ਪਲੈਨੈਟ' ਅਤੇ 'ਡਿਸਕਵਰੀ ਚੈਨਲ' ਵਿਚ ਕੰਮ ਕਰ ਚੁੱਕੀ ਹੈ। ਉਸ ਨੇ ਇਹ ਫ਼ਿਲਮ, ਉਸ ਥਾਂ ਫ਼ਿਲਮਾਈ ਹੈ, ਜਿੱਥੇ ਉਹ ਪਲ਼ੀ ਤੇ ਵੱਡੀ ਹੋਈ ਸੀ। ਇਹ ਗੱਲ ਇਕ ਵਾਰ ਫਿਰ ਭਾਰਤ ਦੀ ਇਸਤਰੀ-ਸ਼ਕਤੀ ਦੀ ਤਸਦੀਕ ਕਰਦੀ ਹੈ। ਇਹ ਫ਼ਿਲਮ, ਹਾਥੀ ਦੇ ਇਕ ਲਾਵਾਰਸ ਤੇ ਜ਼ਖ਼ਮੀ ਬੱਚੇ 'ਰਘੂ' ਦੇ, ਉਸ ਦੇ ਪਾਲਣਹਾਰ ਕਬਾਇਲੀ ਜੀਆਂ 'ਬੋਮਨ' ਤੇ ਉਸ ਦੀ ਪਤਨੀ 'ਬੇਲੀ' ਨਾਲ਼ ਮੋਹ ਦੀ ਦਾਸਤਾਨ ਬਿਆਨ ਕਰਦੀ ਏ ਜਦੋਂ ਪਲ਼ੇ ਹੋਏ 'ਰਘੂ' ਨੂੰ ਜੰਗਲਾਤ ਮੁਲਾਜ਼ਮ ਲੈ ਜਾਂਦੇ ਹਨ ਤਾਂ ਬੋਮਨ ਤੇ ਬੇਲੀ ਨੂੰ ਇਸ ਤਰ੍ਹਾਂ ਲੱਗਦਾ ਏ, ਜਿਵੇਂ ਉਹ ਸੰਤਾਨਹੀਣ ਕਰ ਦਿੱਤੇ ਗਏ ਨੇ। ਇਸ ਫ਼ਿਲਮ ਬਾਰੇ ਇਕ ਹੋਰ ਖ਼ਾਸ ਗੱਲ ਇਹ ਹੈ ਕਿ ਇਸ ਨੇ ਇਹ ਆਸਕਰ ਇਨਾਮ, ਕਿਸੇ ਫ਼ਿਲਮ ਸਟਾਰ ਦੇ ਯੋਗਦਾਨ ਤੋਂ ਬਗ਼ੈਰ ਜਿੱਤਿਆ ਹੈ। ਇਸ ਦੌਰਾਨ ਹੀ, ਹੈਦਰਾਬਾਦ ਵਿਚ ਇਕ ਫ਼ਿਲਮ ਦੀ ਸ਼ੂਟਿੰਗ ਕਰਦਿਆਂ ਜ਼ਖ਼ਮੀ ਹੋ ਚੁੱਕੇ ਤੇ ਇਲਾਜ ਕਰਾ ਰਹੇ ਅਮਿਤਾਭ ਬੱਚਨ ਨੇ ਭਾਰਤੀ ਫ਼ਿਲਮ ਸਨਅਤ ਵੱਲੋਂ ਦੋ ਆਸਕਰ ਇਨਾਮ ਜਿੱਤਣ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ, ਇਹ ਇਨਾਮ ਹਾਸਲ ਕਰਨ ਵਾਲ਼ਿਆਂ ਨੂੰ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਇਕ ਸੁਨੇਹੇ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ, "ਭਾਰਤ ਕਾ ਝੰਡਾ ਗਾਡ ਦੀਆ ਹੈ ਵਿਦੇਸ਼ ਮੇਂ!"

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

## ਸੁਰੇਖਾ ਯਾਦਵ ਨੇ ਨਵਾਂ ਇਤਿਹਾਸ ਰਚਿਆ

ਮਹਾਰਾਸ਼ਟਰ ਵਿਚ ਸਿਤਾਰਾ ਦੀ ਰਹਿਣ ਵਾਲ਼ੀ ਸੁਰੇਖਾ ਯਾਦਵ ਨੇ ਏਸ਼ੀਆ ਦੀ 'ਪਹਿਲੀ ਲੋਕੋ ਪਾਇਲਟ' ਵਜੋਂ 'ਵੰਦੇ ਭਾਰਤ ਐਕਸਪ੍ਰੈੱਸ' ਰੇਲ ਗੱਡੀ ਚਲਾ ਕੇ ਇਕ ਵਾਰ ਫਿਰ ਨਵਾਂ ਇਤਿਹਾਸ ਰਚਿਆ ਹੈ। ਉਸ ਨੇ ਇਹ ਰੇਲ ਗੱਡੀ, ਸੋਲਾਪੁਰ ਤੋਂ ਸੀ. ਐੱਸ. ਐੱਮ. ਟੀ. ਤਕ ਚਲਾਈ। ਇਸ ਸਬੰਧ ਵਿਚ ਭਾਰਤ ਦੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ, "ਵੰਦੇ ਭਾਰਤ, ਨਾਰੀ ਸ਼ਕਤੀ ਨੇ ਚਲਾਈ ਤੇ ਸ਼੍ਰੀਮਤੀ ਸੁਰੇਖਾ ਯਾਦਵ ਹੈ, 'ਵੰਦੇ ਭਾਰਤ ਐਕਸਪ੍ਰੈੱਸ' ਦੀ ਪਹਿਲੀ ਇਸਤਰੀ ਲੋਕੋ ਪਾਇਲਟ!" ਇੱਥੇ ਦੱਸਣਾ ਬਣਦਾ ਹੈ ਕਿ ਕੇਂਦਰੀ ਰੇਲਵੇ ਨੇ ਸੀ. ਐੱਸ. ਐੱਮ. ਟੀ. -ਸੋਲਾਪੁਰ ਅਤੇ ਸੀ. ਐੱਸ. ਐੱਮ. ਟੀ. -ਸਾਈਨਗਰ ਸ਼ਿਰਡੀ ਰੂਟਾਂ 'ਤੇ ਦੋ 'ਵੰਦੇ ਭਾਰਤ ਐਕਸਪ੍ਰੈੱਸ' ਗੱਡੀਆਂ



ਚਲਾਈਆਂ ਹਨ, ਜਿਨ੍ਹਾਂ ਨੂੰ 10 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰੀ ਝੰਡੀ ਲਹਿਰਾਅ ਕੇ ਵਿਦਾ ਕੀਤਾ ਸੀ। ਇਸ ਮੌਕੇ 'ਤੇ ਛਤਰਪਤੀ ਸ਼ਿਵਾ ਜੀ ਟਰਮੀਨਸ ਦੇ ਪਲੈਟਫਾਰਮ ਨੰਬਰ 8 'ਤੇ ਸੁਰੇਖਾ ਯਾਦਵ ਦਾ ਸਨਮਾਨ ਕੀਤਾ ਗਿਆ।

## ਧੀ ਨੇ ਵੱਢੀ ਹੋਈ ਮਾਂ ਰੱਖ ਛੱਡੀ

ਮੁੰਬਈ ਦੇ ਇਕ ਘਰ ਦੀ ਅਲਮਾਰੀ ਵਿਚੋਂ, ਇਕ ਔਰਤ ਦੀ ਲਾਸ਼ ਦੇ ਗਲ਼ੇ-ਸੜੇ ਟੁਕੜੇ ਮਿਲੇ ਹਨ। ਟੁਕੜਿਆਂ ਦੀ ਸ਼ਕਲ ਵਿਚ, ਪਲਾਸਟਿਕ ਦੇ ਇਕ ਥੈਲੇ ਵਿਚ ਮਿਲੀ ਲਾਸ਼ ਦੀ ਪਛਾਣ, 53 ਸਾਲਾ ਵੀਨਾ ਪ੍ਰਕਾਸ਼ ਜੈਨ ਵਜੋਂ ਹੋਈ ਹੈ। ਉਸ ਨੂੰ ਕਤਲ ਕਰਨ ਦਾ ਦੋਸ਼, ਉਸੇ ਦੀ 22 ਸਾਲਾ ਧੀ ਰਿੰਪਲ ਪ੍ਰਕਾਸ਼ ਜੈਨ ਦੇ ਸਿਰ ਲੱਗਿਆ ਹੈ। ਪੁਲਸ ਦੇ ਦੱਸਣ ਮੁਤਾਬਕ, ਇਹ ਕਤਲ, ਪਿਛਲੇ ਸਾਲ ਦਸੰਬਰ ਵਿਚ ਹੋਇਆ ਸੀ। ਪੁਲਸ ਨੇ ਰਿੰਪਲ ਨੂੰ ਹਿਰਾਸਤ ਵਿਚ ਲੈ ਕੇ ਕੇਸ ਦਰਜ ਕਰ ਲਿਆ ਹੈ। ਇਹ ਮਾਮਲਾ, ਮੁੰਬਈ ਦੇ ਲਾਲ ਬਾਗ ਪੇਰੂ ਕੰਪਾਊਂਡ ਇਲਾਕੇ ਦਾ ਹੈ। ਵੀਨਾ ਦੀ ਵੱਢੀ-ਟੁੱਕੀ ਤੇ ਗਲੀ-ਸੜੀ ਲਾਸ਼ 15 ਮਾਰਚ ਨੂੰ, ਪਲਾਸਟਿਕ ਦੇ ਇਕ ਥੈਲੇ ਵਿਚ ਪਾ ਕੇ ਅਲਮਾਰੀ ਵਿਚ ਰੱਖੀ ਹੋਈ ਬਰਾਮਦ ਹੋਈ ਸੀ। ਇਕ ਹੋਰ ਸੂਚਨਾ ਅਨੁਸਾਰ, ਰਿੰਪਲ 12ਵੀਂ ਜਮਾਤ ਤਕ ਪੜ੍ਹੀ ਹੋਈ ਹੈ। ਉਹ ਆਪਣੀ ਮਾਂ ਨਾਲ਼, ਇੱਥੇ ਆਪਣੇ ਮਾਮੇ ਦੇ ਘਰ ਰਹਿੰਦੀ ਸੀ। ਮਾਮਾ ਹੀ ਉਨ੍ਹਾਂ ਨੂੰ ਖ਼ਰਚਾ-ਪਾਣੀ ਦਿੰਦਾ ਹੁੰਦਾ ਸੀ। 14 ਮਾਰਚ ਨੂੰ ਰਿੰਪਲ ਦੇ ਉਸੇ ਮਾਮੇ ਦੀ ਧੀ, ਉਨ੍ਹਾਂ ਦੇ ਘਰ ਆਈ ਤਾਂ ਰਿੰਪਲ ਨੇ ਉਸ ਨੂੰ ਅੰਦਰ





ਆਉਣ ਦੇ ਲਈ ਘਰ ਦਾ ਬੂਹਾ ਨਾ ਖੋਲ੍ਹਿਆ। ਉਸ ਕੁੜੀ ਨੂੰ ਆਂਢੀਆਂ-ਗੁਆਂਢੀਆਂ ਨੇ ਦੱਸਿਆ ਕਿ ਦੋ ਮਹੀਨਿਆਂ ਤੋਂ ਉਨ੍ਹਾਂ ਨੇ ਵੀਨਾ ਨਹੀਂ ਦੇਖੀ। ਜਦੋਂ ਰਿੰਪਲ ਦੇ ਮਾਮਾ ਨੇ ਜਬਰੀ ਬੂਹਾ ਖੋਲ੍ਹਿਆ ਤਾਂ ਅੰਦਰੋਂ ਬਦਬੋ ਆਉਣ ਲੱਗੀ। ਲੋਕਾਂ ਨੇ ਹੀ ਪੁਲਸ ਨੂੰ ਇਤਲਾਹ ਦੇ ਦਿੱਤੀ ਤਾਂ ਪੁਲਸ ਨੇ ਘਰ ਦੀ ਤਲਾਸ਼ੀ ਲਈ ਤਾਂ ਅਲਮਾਰੀ ਵਿਚੋਂ ਵੀਨਾ ਦੀ ਵੱਢੀ-ਟੁੱਕੀ ਲਾਸ਼ ਬਰਾਮਦ ਹੋ ਗਈ। ਪੁਲਸ ਨੇ ਕਤਲ ਵਿਚ ਵਰਤਿਆ ਦਾਤ, ਕਟਰ ਤੇ ਚਾਕੂ ਵੀ ਬਰਾਮਦ ਕਰ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## 'ਚਮਕੀਲਾ' ਦੀ ਸ਼ੂਟਿੰਗ ਸਮਾਪਤ

ਜਾਣੇ-ਪਛਾਣੇ ਫ਼ਿਲਮ ਨਿਰਦੇਸ਼ਕ ਇਮਤਿਆਜ਼ ਅਲੀ ਨੇ ਪੰਜਾਬੀ ਦਰਸ਼ਕਾਂ ਵੱਲੋਂ ਬਹੁਤ ਚਿਰ ਤੋਂ ਉਡੀਕੀ ਜਾ ਰਹੀ ਫ਼ਿਲਮ 'ਚਮਕੀਲਾ' ਦੀ ਸ਼ੂਟਿੰਗ ਸਿਰੇ ਲਾ ਦਿੱਤੀ ਹੈ। ਇਸ ਫ਼ਿਲਮ ਵਿਚ, ਪੰਜਾਬੀਆਂ ਦੇ ਚਹੇਤੇ ਗਾਇਕ ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਣ ਵਾਲ਼ੇ ਦਿਲਜੀਤ ਦੁਸਾਂਝ ਅਤੇ ਚਮਕੀਲੇ ਦੀ ਸਾਥਣ ਗਾਇਕਾ ਅਮਰਜੋਤ ਕੌਰ ਦਾ ਕਿਰਦਾਰ ਨਿਭਾਉਣ ਵਾਲ਼ੀ ਪਰਿਨੀਤੀ ਚੋਪੜਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਬਹੁਤ ਕੁੱਝ ਸਿੱਖਣ ਦਾ ਮੌਕਾ ਮਿਲਿਆ ਹੈ ਤੇ ਉਹ ਦੋਵੇਂ ਇਸ ਲਈ ਇਮਤਿਆਜ਼ ਅਲੀ ਦੇ ਸ਼ੁਕਰਗੁਜ਼ਾਰ ਹਨ। ਇੱਥੇ ਦੱਸਣਾ ਹੀ ਪੈਣਾ ਹੈ ਕਿ ਪਰਿਨੀਤੀ ਚੋਪੜਾ ਬਹੁਤ ਵਧੀਆ ਅਦਾਕਾਰਾ ਹੋਣ ਦੇ ਨਾਲ਼-ਨਾਲ਼ ਵਧੀਆ ਗਾਇਕਾ ਵੀ ਹਨ। ਦਿਲਜੀਤ ਤਾਂ ਅਦਾਕਾਰ ਬਣਨ ਤੋਂ ਪਹਿਲਾਂ ਵੀ ਮਗਰੋਂ ਵੀ ਗਾਇਕ ਹੈ।



## ਪ੍ਰਦੂਸ਼ਣ 'ਚ ਭਾਰਤ ਅੱਠਵੇਂ ਥਾਂ

ਭਾਰਤ ਪਿਛਲੇ ਸਾਲ ਵਿਚ ਹੀ ਜਹਾਨ ਦਾ ਅੱਠਵਾਂ ਸਭ ਤੋਂ ਗੰਦਾ ਦੇਸ਼ ਬਣ ਗਿਆ ਸੀ। ਚੰਗੀ ਗੱਲ ਇਹ ਹੈ ਕਿ 2021 ਵਿਚ ਭਾਰਤ ਇਸ ਪੱਖੋਂ ਪੰਜਵੇਂ ਥਾਂ ਸੀ, ਯਾਨੀ ਹੁਣ ਇਸ ਦੀ ਹਾਲਤ ਰਤਾ ਕੁ ਸੁਧਰੀ ਹੈ। ਹਵਾ ਵਿਚ ਗੰਦਗੀ ਦੀ ਮਿਕਦਾਰ ਮਿਣਨ ਵਾਲ਼ੀ ਸਵਿਸ ਏਜੰਸੀ ਆਈ. ਕਿਊ. ਏਅਰ ਨੇ ਜਹਾਨ ਭਰ ਵਿਚ ਹਵਾ ਦੀ ਸ਼ੁਧਤਾ ਸਬੰਧੀ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿਚ 131 ਮੁਲਕਾਂ ਦਾ ਜਾਇਜ਼ਾ ਲੈ ਕੇ ਪੇਸ਼ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ ਜਹਾਨ ਦੇ ਸਭ ਨਾਲ਼ੋਂ ਵੱਧ ਗੰਦੀ ਹਵਾ ਵਾਲ਼ੇ 20 ਸ਼ਹਿਰਾਂ ਵਿਚੋਂ 19 ਸ਼ਹਿਰ, ਏਸ਼ੀਆ ਦੇ ਹਨ ਤੇ ਉਨ੍ਹਾਂ ਵਿਚੋਂ 14 ਸ਼ਹਿਰ ਆਪਣੇ ਭਾਰਤ ਦੇ ਹਨ। ਇਨ੍ਹਾਂ ਵਿਚੋਂ ਇਕ ਸ਼ਹਿਰ, ਅਫ਼ਰੀਕੀ ਹੈ। ਪਾਕਿਸਤਾਨੀ ਸ਼ਹਿਰ ਲਾਹੌਰ ਵਿਚ ਪ੍ਰਦੂਸ਼ਣ 97.4 ਹੈ, ਚੀਨੀ ਸ਼ਹਿਰ ਹੋਟਨ ਵਿਚ 94.3, ਭਾਰਤ ਵਿਚ ਰਾਜਸਥਾਨੀ ਸ਼ਹਿਰ ਭਿਵਾੜੀ ਵਿਚ 92.7, ਦਿੱਲੀ ਵਿਚ 92.6, ਪਾਕਿਸਤਾਨੀ ਸ਼ਹਿਰ ਪਿਸ਼ਾਵਰ ਵਿਚ 91.8, ਬਿਹਾਰੀ ਸ਼ਹਿਰ ਦਰਭੰਗਾ ਵਿਚ 90.3 ਤੇ ਆਸੋਪੁਰ ਵਿਚ ਪ੍ਰਦੂਸ਼ਣ 90.2 ਹੈ।



## 'ਫ਼ਰਜ਼ੀ' ਦਾ ਦ੍ਰਿਸ਼ ਸਾਕਾਰ ਕੀਤਾ

ਹਾਲ਼ ਹੀ ਵਿਚ ਦਿਖਾਈ ਗਈ ਵੈੱਬ-ਸੀਰੀਜ਼ 'ਫ਼ਰਜ਼ੀ' ਦਾ ਇਕ ਦ੍ਰਿਸ਼, ਪਿਛਲੇ ਦਿਨੀਂ ਹਰਿਆਣਾ ਵਿਚ ਗੁਰੂਗਰਾਮ ਦੀ ਗੌਲਫ ਕੋਰਸ ਰੋਡ ਉੱਤੇ ਉਸ ਵੇਲ਼ੇ ਸਾਕਾਰ ਹੋਇਆ ਦਿਸਿਆ, ਜਦੋਂ ਮੂੰਹ ਉੱਤੇ ਨਕਾਬ ਚੜ੍ਹਾ ਕੇ, ਆਪਣੀ ਚਿੱਟੀ ਕਾਰ ਦੀ ਡਿੱਕੀ ਵਿਚ ਬੈਠੇ ਇਕ ਆਦਮੀ ਨੇ ਚੱਲਦੀ ਕਾਰ ਵਿਚੋਂ ਕਰੰਸੀ ਨੋਟ, ਹਵਾ ਵਿਚ ਉਡਾਉਣੇ ਸ਼ੁਰੂ ਕਰ ਦਿੱਤੇ। ਵੈੱਬ-ਸੀਰੀਜ਼ 'ਫ਼ਰਜ਼ੀ' ਵਿਚ ਤਾਂ ਗ੍ਰਿਫ਼ਤਾਰੀ ਤੋਂ ਬਚਣ ਲਈ ਸ਼ਾਹਿਦ ਕਪੂਰ ਤੇ ਉਸ ਦੇ ਸਾਥੀਆਂ ਨੇ ਨਕਲੀ ਨੋਟ ਉਡਾਏ ਸਨ, ਪਰ ਇਸ ਅਸਲੀ ਦ੍ਰਿਸ਼ ਵਿਚ ਇਹ ਪਤਾ ਨਹੀਂ ਲੱਗ ਸਕਿਆ ਕਿ ਉਡਾਏ ਜਾਣ ਵਾਲ਼ੇ ਨੋਟ ਅਸਲੀ ਸਨ ਜਾਂ ਨਕਲੀ। ਖ਼ੈਰ, ਪੁਲਸ ਨੇ ਇਸ ਹਕੀਕੀ ਘਟਨਾ ਵਿਚ ਨੋਟ ਉਡਾਉਣ ਵਾਲ਼ਾ ਪਛਾਣ ਲਿਆ ਹੈ ਤੇ ਉਸ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਹ ਜਾਣਕਾਰੀ, ਡੀ. ਐੱਲ. ਐੱਫ. ਗੁਰੂਗਰਾਮ ਦੇ ਸਹਾਇਕ ਪੁਲਸ ਕਮਿਸ਼ਨਰ ਵਿਕਾਸ ਕੌਸ਼ਿਕ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ, ਸੋਸ਼ਲ ਮੀਡੀਆ 'ਤੇ ਨਸ਼ਰ ਕੀਤੀ ਹੋਈ ਇਕ ਵਿਡੀਓ ਤੋਂ ਮਿਲੀ ਸੀ।







WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਵੱਖ-ਵੱਖ ਪਾਰਟੀਆਂ ਦੇ ਕੈਨੇਡੀਅਨ ਐਮਪੀਜ਼ ਨੇ ਪੰਜਾਬ ਵਿਚ ਫੜੋ-ਫੜੀ ਦੀ ਕੀਤੀ ਨਿਖੇਧੀ

ਓਟਵਾ-ਕੈਨੇਡਾ ਦੀਆਂ ਵੱਖ ਵੱਖ ਪਾਰਟੀਆਂ ਦੇ ਐਮਪੀਜ਼ ਨੇ ਭਾਰਤ ਸਰਕਾਰ ਵਲੋਂ ਪੰਜਾਬ ਵਿਚ ਫੜੋ ਫੜੀ ਦੀ ਨਿਖੇਧੀ ਕੀਤੀ ਹੈ ਅਤੇ ਜਿਹੜੇ ਐਮਪੀ ਇੰਟਰਨੈੱਟ ਪਾਬੰਦੀਆਂ ਦੀ ਨਿਖੇਧੀ ਕਰ ਰਹੇ ਹਨ, ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਲਗਪਗ ਤਿੰਨ ਦਿਨ ਪੰਜਾਬ ਵਿਚ ਅਧਿਕਾਰੀਆਂ ਨੇ ਇੰਟਰਨੈੱਟ ਸੇਵਾਵਾਂ ਅਤੇ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਈ ਰੱਖੀ ਕਿਉਂਕਿ ਅਧਿਕਾਰੀ ਵੱਖਵਾਦੀ ਸਿੱਖ ਨੇਤਾ ਅੰਮ੍ਰਿਤਪਾਲ ਸਿੰਘ ਦੀ ਭਾਲ ਕਰ ਰਹੇ ਹਨ। ਇੰਟਰਨੈੱਟ ਸੇਵਾਵਾਂ ਕੁਝ ਜ਼ਿਲ੍ਹਿਆਂ ਵਿਚ ਅਜੇ ਵੀ ਠੱਪ ਹਨ। ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਮੁਤਾਬਿਕ ਅੰਮ੍ਰਿਤਸਰ ਜਿਲ੍ਹੇ ਦੇ ਥਾਣਾ ਅਜਨਾਲਾ 'ਤੇ ਹਿੰਸਕ ਹਮਲਾ ਕਰਨ ਤੋਂ ਇਕ ਮਹੀਨਾ ਪਿੱਛੋਂ ਪੁਲਿਸ ਅੰਮ੍ਰਿਤਪਾਲ ਸਿੰਘ ਖਿਲਾਫ ਕਾਰਵਾਈ ਕਰ ਰਹੀ ਹੈ। ਕੰਸਰਵੇਟਿਵ ਡਿਪਟੀ ਲੀਡਰ ਟਿਮ ਉੱਪਲ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਕੈਨੇਡੀਅਨ ਮੈਂਬਰ ਪਾਰਲੀਮੈਂਟ ਵਜੋਂ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਕੈਨੇਡੀਅਨ ਸੁਰੱਖਿਅਤ ਰਹਿਣ ਜਿਹੜੇ ਭਾਰਤ ਗਏ ਹੋਏ ਹਨ। ਅਸੀਂ ਇਸ ਨੂੰ ਚਿੰਤਾ ਵਜੋਂ ਉਠਾਇਆ ਹੈ। ਐਡਮਿੰਟਨ ਤੋਂ ਐਮਪੀ ਉਨ੍ਹਾਂ ਕੁਝ ਸੰਸਦ ਮੈਂਬਰਾਂ ਵਿਚ ਸ਼ਾਮਿਲ ਹੈ ਜਿਨ੍ਹਾਂ ਨੇ ਪਾਰਟੀ ਲੀਹਾਂ ਤੋਂ ਉੱਪਰ ਉੱਠ ਕੇ ਚਿੰਤਾ ਜ਼ਾਹਿਰ ਕੀਤੀ ਹੈ ਜਦਕਿ ਪੰਜਾਬ ਵਿਚ ਕਰੋੜਾਂ ਲੋਕਾਂ ਨੂੰ ਇੰਟਰਨੈੱਟ ਪਹੁੰਚ ਤੋਂ ਦੂਰ ਰੱਖਿਆ ਗਿਆ ਹੈ। ਉਨ੍ਹਾਂ ਦੇ ਸਹਿਯੋਗੀ ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ ਜਿਹੜੇ ਪਾਰਟੀ ਦੇ ਹਾਈ ਪ੍ਰੋਫਾਈਲ ਵਿੱਤੀ ਆਲੋਚਕ ਹਨ ਨੇ ਕਿਹਾ ਕਿ ਉਹ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਟਰੂਡੋ ਕੈਬਨਿਟ ਨੇ ਸਥਿਤੀ 'ਤੇ ਟਿੱਪਣੀ ਨਾ ਕਰਨ ਦੀ ਚੋਣ ਕੀਤੀ ਹੈ ਅਤੇ ਵਿਦੇਸ਼ ਮੰਤਰੀ ਮੇਲਾਨੀਆਂ ਜੋਲੀ ਨੇ ਗਲੋਬਲ ਅਫੇਅਰਜ ਕੈਨੇਡਾ ਨੂੰ ਅੱਗੇ ਪਾ ਦਿੱਤਾ ਹੈ। ਵਿਭਾਗ ਦੀ ਬੁਲਾਰਨ ਮੈਰੀਲੀਨੇ ਗਵੇਰੇਮੋਂਟ ਨੇ ਲਿਖਿਆ ਕਿ ਅਸੀਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਅਤੇ ਦਿੱਲੀ ਵਿਚ ਕੈਨੇਡੀਅਨ ਹਾਈ ਕਮਿਸ਼ਨ ਅਤੇ ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਨਾਲ ਸੰਪਰਕ ਰੱਖ ਰਹੇ ਹਾਂ। ਸੋਨੀਆ ਸਿੱਧੂ ਨੇ ਟਵਿੱਟਰ 'ਤੇ ਲਿਖਿਆ ਕਿ ਉਸ ਨੂੰ ਆਪਣੇ ਲੋਕਾਂ ਤੋਂ ਫੋਨ ਆ ਰਹੇ ਹਨ ਅਤੇ ਉਹ ਬਹੁਤ ਚਿੰਤਤ ਹੈ। ਗਰੇਟਰ ਟੋਰਾਂਟੋ ਏਰੀਆ ਦੇ ਐਮਪੀ ਇਕਵਿੰਦਰ ਗਹੀਰ ਨੇ ਵੀ ਕਿਹਾ ਕਿ ਉਸ ਦੇ ਹਲਕੇ ਦੇ ਲੋਕਾਂ ਨੇ ਪਹੁੰਚ ਕਰਕੇ ਚਿੰਤਾ ਜ਼ਾਹਿਰ ਕੀਤੀ ਹੈ। ਗਹੀਰ ਨੇ ਟਵੀਟ ਕਰਦਿਆਂ ਲਿਖਿਆ ਕਿ ਲੋਕਤੰਤਰ ਵਿਚ ਨਾਗਰਿਕ ਹੱਕ ਅਤੇ ਆਜ਼ਾਦੀ ਕਾਇਮ ਰੱਖੀ ਜਾਣੀ ਚਾਹੀਦੀ ਹੈ। ਐਨਡੀਪੀ ਨੇਤਾ ਜਗਮੀਤ ਸਿੰਘ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕਰ ਰਹੇ ਹਨ ਕਿ ਉਹ ਸ਼ਹਿਰੀ ਆਜ਼ਾਦੀਆਂ ਨੂੰ ਮੁਅੱਤਲ ਕਰਨ ਅਤੇ ਵਿਦੇਸ਼ ਵਿਚ ਕੈਨੇਡੀਅਨਾਂ ਦੀ ਸੁਰੱਖਿਆ ਸਬੰਧੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਫੋਨ 'ਤੇ ਚਿੰਤਾ ਜ਼ਾਹਿਰ ਕਰਨ। ਇਕ ਦਹਾਕਾ ਪਹਿਲਾਂ ਭਾਰਤ ਨੇ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਈ ਲੋਕ ਵੀਜ਼ੇ ਤੋਂ ਇਨਕਾਰ ਕਰਨ ਦੀ ਕਾਰਵਾਈ ਨੂੰ ਸਿੱਖਾਂ ਲਈ ਵਕਾਲਤ ਕਰਨ ਦੇ ਜਵਾਬ ਵਜੋਂ ਦੇਖਦੇ ਹਨ। ਉਨ੍ਹਾਂ ਟਵਿੱਟਰ 'ਤੇ ਲਿਖਿਆ ਕਿ ਸੰਚਾਰ 'ਤੇ ਪਾਬੰਦੀਆਂ ਭਾਰਤ ਵਿਚ ਬੀਤੇ ਕਾਲੇ ਸਮੇਂ ਦੀ ਗੂੰਜ ਹੈ। ਸਿੰਘ ਨੇ ਲਿਖਿਆ ਕਿ 1984 ਵਿਚ ਸਿੱਖ ਨਸਲਕੁਸ਼ੀ ਦੌਰਾਨ ਗੈਰਨਿਆਂਇਕ ਕਤਲਾਂ ਅਤੇ ਚੁੱਕ ਕੇ ਲਾਪਤਾ ਕਰਨ ਲਈ ਇਨ੍ਹਾਂ ਉਪਾਵਾਂ ਦੀ ਬੀਤੇ ਸਮੇਂ ਵਿਚ ਵਰਤੋਂ ਦੇ ਮੱਦੇਨਜ਼ਰ ਇਹ ਸਖਤ ਕਦਮ ਬਹੁਤ ਸਾਰੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਹਨ। ਉਹ ਦੰਗਿਆਂ ਦਾ ਹਵਾਲਾ ਦੇ ਰਹੇ ਸਨ ਜਿਨ੍ਹਾਂ ਨੂੰ ਕੈਨੇਡਾ ਅਧਿਕਾਰਤ ਤੌਰ 'ਤੇ ਨਸਲਕੁਸ਼ੀ ਨਹੀਂ ਮੰਨਦਾ ਜਿਸ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ 3000 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। ਵਰਲਡ ਸਿੱਖ ਸੰਗਠਨ ਨੇ ਕਿਹਾ ਕਿ ਕਈ ਐਮਪੀਜ਼ ਜਿਨ੍ਹਾਂ ਨੇ ਚਿੰਤਾ ਜ਼ਾਹਿਰ ਕੀਤੀ ਨੂੰ ਆਨਲਾਈਨ ਅਕਾਉਂਟਸ ਤੋਂ ਗਾਲਾਂ ਕੱਢੀਆਂ ਜਾ ਰਹੀਆਂ ਹਨ ਜਿਹੜੇ ਆਪਣੇ ਆਪ ਦੀ ਪਛਾਣ ਮੋਦੀ ਦੇ ਸਮਰਥਕ ਵਜੋਂ ਦੱਸਦੇ ਹਨ। ਇਕ ਅਕਾਉਂਟ ਤੋਂ ਲੋਕਾਂ ਨੂੰ ਸੱਦਾ ਦਿੱਤਾ ਕਿ ਗਹੀਰ ਨੂੰ ਸਬਕ ਸਿਖਾਇਆ ਜਾਵੇ। ਇਕ ਹੋਰ ਵਿਅਕਤੀ ਨੇ ਲੋਕਾਂ ਨੂੰ ਕਿਹਾ ਕਿ ਜਗਮੀਤ ਸਿੰਘ ਵਰਗਿਆਂ ਨੂੰ ਭਾਰਤ ਖਿੱਚ ਕੇ ਲਿਜਾਇਆ ਜਾਵੇ ਅਤੇ ਉਨ੍ਹਾਂ ਨੂੰ ਭਾਰਤੀ ਕਾਨੂੰਨਾਂ ਬਾਰੇ ਕੁਝ ਸਿਖਾਇਆ ਜਾਵੇ।


ਜਗਮੀਤ ਸਿੰਘ


ਜਸਰਾਜ ਸਿੰਘ ਹੱਲਣ


ਸੋਨੀਆ ਸਿੱਧੂ


ਅਕਵਿੰਦਰ ਗਹੀਰ

## ਨਵਜੋਤ ਕੌਰ ਸਿੱਧੂ ਨੂੰ ਖ਼ੁਦ ਟਵੀਟ ਕਰਕੇ ਕੈਂਸਰ ਬਾਰੇ ਲਿਖੀ ਭਾਵੁਕ ਪੋਸਟ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਕੈਂਸਰ ਹੋ ਗਿਆ ਹੈ। ਉਨ੍ਹਾਂ ਨੇ ਖ਼ੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਇਸ ਟਵੀਟ ਵਿੱਚ ਉਨ੍ਹਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਇਨਸਾਫ਼ ਨਾ ਮਿਲਣ ਬਾਰੇ ਵੀ ਲਿਖਿਆ ਹੈ। ਨਵਜੋਤ ਕੌਰ ਸਿੱਧੂ ਨੇ ਆਪਣੇ ਪਤੀ ਨਵਜੋਤ ਸਿੰਘ ਸਿੱਧੂ ਲਈ ਲਿਖਿਆ ਕਿ ਤੁਹਾਨੂੰ ਵਾਰ-ਵਾਰ ਇਨਸਾਫ਼ ਵਾਂਝਾ ਦੇਖਦਿਆਂ ਤੁਹਾਡਾ ਇੰਤਜ਼ਾਰ ਕੀਤਾ। ਸੱਚ ਬਹੁਤ ਸ਼ਕਤੀਸ਼ਾਲੀ ਹੈ, ਪਰ ਇਹ ਤੁਹਾਨੂੰ ਵਾਰ-ਵਾਰ ਪਰਖਦਾ ਹੈ, ਕਲਯੁਗ। ਮਾਫ਼ ਕਰਨਾ, ਤੁਹਾਡਾ ਇੰਤਜ਼ਾਰ ਨਹੀਂ ਕਰ ਸਕਦੀ ਕਿਉਂਕਿ ਇਹ ਸਟੇਜ-2 ਦਾ ਹਮਲਾਵਰ ਕੈਂਸਰ ਹੈ। ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਇਹ ਪ੍ਰਮਾਤਮਾ ਦੀ ਯੋਜਨਾ ਹੈ।



## ਪਤੀ ਨੇ ਪਤਨੀ ਦਾ ਗਲਾ ਘੁੱਟਣ ਤੋਂ ਬਾਅਦ ਕੀਤੀ ਖੁਦਕੁਸ਼ੀ

ਉੱਤਰ ਪ੍ਰਦੇਸ਼-ਉੱਤਰ ਪ੍ਰਦੇਸ਼ ਦੇ ਬਾਂਦਾ 'ਚ ਮਾਮੂਲੀ ਝਗੜੇ 'ਚ ਪਤੀ ਨੇ ਪਤਨੀ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਵੀ ਫਾਹਾ ਲੈ ਲਿਆ। ਇਸ ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਨੁਸਾਰ ਪਤੀ ਬੀਤੇ ਦਿਨ ਆਪਣੀ ਪਤਨੀ ਅਤੇ ਬੱਚਿਆਂ ਨੂੰ ਮਿਲਣ ਲਈ ਆਪਣੇ ਸਹੁਰੇ ਘਰ ਗਿਆ ਸੀ। ਉੱਥੇ ਹੀ ਕਿਸੇ ਗੱਲ ਨੂੰ ਲੈ ਕੇ ਪਤੀ-ਪਤਨੀ ਵਿਚਾਲੇ ਝਗੜਾ ਹੋ ਗਿਆ। ਇਸ ਤੋਂ ਬਾਅਦ ਪਤੀ ਨੇ ਪਹਿਲਾਂ ਪਤਨੀ ਦਾ ਰੱਸੀ ਨਾਲ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਫਿਰ ਉਸ ਨੇ ਆਪ ਵੀ ਫਾਹਾ ਲੈ ਲਿਆ। ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਦੋਵਾਂ ਵਿਚਾਲੇ ਅਦਾਲਤ ਰਾਹੀਂ ਸਮਝੌਤਾ ਹੋਇਆ ਸੀ। ਇਸ ਮਾਮਲੇ ਸਬੰਧੀ ਡੀਐਸਪੀ ਰਾਕੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਪਿੰਡ ਬੰਥੜੀ ਦਾ ਰਹਿਣ ਵਾਲਾ 24 ਸਾਲਾ ਰਾਮਮਿਲਨ ਰੈਦਾਸ 20 ਮਾਰਚ ਨੂੰ ਪਿੰਡ ਮੁਸੀਵਾ ਵਿਖੇ ਆਪਣੇ ਸਹੁਰੇ ਘਰ ਗਿਆ ਸੀ। ਉਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਮੁਸੀਵਾ ਪਿੰਡ 'ਚ ਉਸ ਦੀ 22 ਸਾਲਾ ਪਤਨੀ ਪੂਨਮ ਦੀ ਲਾਸ਼ ਕਮਰੇ ਦੇ ਅੰਦਰ ਜ਼ਮੀਨ 'ਤੇ ਪਈ ਸੀ। ਉਥੇ ਹੀ ਰਾਮਮਿਲਨ ਦੀ ਲਾਸ਼ ਲਟਕਦੀ ਮਿਲੀ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੋਸਟਮਾਰਟਮ ਤੋਂ ਬਾਅਦ ਦੋਵੇਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਦੋਵਾਂ ਵਿਚਾਲੇ ਕਿਸ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call Mandeep Randhawa today.

604-449-7500



RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3



# ਵੈਨਕੂਵਰ ਵਿਚਾਰ ਵੱਲੋਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਦੀ ਪੁਸਤਕ 'ਪਵਣੁ' ਉੱਪਰ ਵਿਚਾਰ ਚਰਚਾ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਦਾ ਹਾਇਕੂ ਸੰਗ੍ਰਹਿ 'ਪਵਣੁ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ ਅਤੇ ਸ਼ਾਇਰ ਮੋਹਨ ਗਿੱਲ ਨੇ ਕੀਤੀ। ਸਮਾਗਮ ਦੇ ਆਗਾਜ਼ ਵਿਚ ਮੰਚ ਸੰਚਾਲਕ ਅੰਗਰੇਜ਼ ਸਿੰਘ ਬਰਾੜ ਨੇ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸੰਗੀਤਕਾਰ ਅਤੇ ਗਾਇਕ ਜਗੀਰ ਸਿੰਘ ਜੌਹਲ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਕੈਨੇਡਾ ਦੀ ਧਰਤੀ ਤੇ ਪ੍ਰਫੁੱਲਤ ਕਰਨ ਹਿਤ ਲੱਗਭੱਗ ਪੰਜਾਹ ਵਰ੍ਹੇ ਬਹੁਤ ਵਡੇਰਾ ਕਾਰਜ ਕੀਤਾ ਅਤੇ ਉਨ੍ਹਾਂ ਦੇ ਇਸ ਯੋਗਦਾਨ ਨੂੰ ਸਿਜਦਾ ਕਰਦਿਆਂ ਅਸੀਂ ਅੱਜ ਦਾ ਸਮਾਗਮ ਉਨ੍ਹਾਂ ਨੂੰ ਸਮਰਪਿਤ ਕਰ ਰਹੇ ਹਾਂ। ਹਾਜਰ ਲੇਖਕਾਂ, ਸਾਹਿਤ ਪ੍ਰੇਮੀਆਂ ਵੱਲੋਂ ਇਕ ਮਿੰਟ ਦਾ ਮੋਨ ਧਾਰ ਕੇ ਜਗੀਰ ਸਿੰਘ ਜੌਹਲ ਨੂੰ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਡਾ. ਹਰਜੋਤ ਕੌਰ ਖਹਿਰਾ ਨੇ 'ਪਵਣੁ' ਉੱਪਰ ਆਪਣਾ ਪਰਚਾ ਪੜ੍ਹਿਆ। ਉਨ੍ਹਾਂ ਦੱਸਿਆ ਕਿ ਹਾਇਕੂ ਜਾਪਾਨ ਦੀ ਕਾਵਿ ਵਿਧਾ ਹੈ ਅਤੇ ਪੰਜਾਬੀ ਵਿਚ ਬਹੁਤ ਘੱਟ ਲੇਖਕਾਂ ਨੇ ਇਸ ਵਿਧਾ ਵਿਚ ਰਚਨਾ ਕੀਤੀ ਹੈ। ਮੋਹਨ ਗਿੱਲ ਕੈਨੇਡਾ ਦੇ ਉਨ੍ਹਾਂ ਮੋਹਰੀ ਸ਼ਾਇਰਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਹਾਇਕੂ ਉਪਰ ਕਲਮ ਅਜ਼ਮਾਈ ਕੀਤੀ ਹੈ। ਮੋਹਨ ਗਿੱਲ ਦਾ ਇਹ ਦੂਜਾ ਹਾਇਕੂ ਸੰਗ੍ਰਹਿ ਹੈ ਅਤੇ ਇਸ ਵਿਚ ਮੋਹਨ ਗਿੱਲ ਨੇ ਹਾਇਕੂ ਦੇ ਵਿਧੀ ਵਿਧਾਨ ਦਾ ਪੂਰਾ ਪਾਲਣ ਕਰਦਿਆਂ ਆਪਣੇ ਆਲੇ ਦੁਆਲੇ, ਸਮਾਜਿਕ, ਰਾਜਨੀਤਕ, ਮਾਨਵਤਾ ਵਿਚ ਆ ਰਹੇ ਨਿਘਾਰ, ਗੁਰਬਤ, ਬੇਇਨਸਾਫੀ, ਲੋਕ ਦਿਖਾਵੇ ਅਤੇ ਹੋਰ ਬਹੁਤ ਸਾਰੀਆਂ ਅਲਾਮਤਾਂ ਨੂੰ ਬਾਖੂਬੀ ਪੇਸ਼ ਕੀਤਾ ਹੈ। ਉਨ੍ਹਾਂ ਸੂਖਮ ਵਿਅੰਗਾਂ ਦੀ ਚਾਸ਼ਨੀ ਰਾਹੀਂ ਇਸ ਵਿਧਾ ਨੂੰ ਰੌਚਕ ਬਣਾਇਆ ਹੈ।




ਡਾ. ਪਿਰਥੀਪਾਲ ਸੋਹੀ ਨੇ ਮੋਹਨ ਗਿੱਲ ਵੱਲੋਂ ਵਿਸ਼ੇਸ਼ ਕਰਕੇ ਰਾਜਨੀਤੀ, ਪੰਜਾਬ ਅਤੇ ਭਾਰਤ ਦੇ ਹਾਲਾਤ ਬਾਰੇ ਇਸ ਪੁਸਤਕ ਵਿਚ ਕੀਤੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ। ਡਾ. ਪਰਮਵੀਰ ਸਿੰਘ ਨੇ ਵੀ ਕੁਝ ਹਾਇਕੂਆਂ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਮੋਹਨ ਗਿੱਲ ਨੇ ਤਕਰੀਬਨ ਹਰ ਵਿਸ਼ੇ ਨੂੰ ਇਸ ਪੁਸਤਕ ਦੇ ਕਲਾਵੇ ਵਿਚ ਲਿਆ ਹੈ। ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਮੋਹਨ ਗਿੱਲ ਨੇ ਇਸ ਕਲਾ ਰਾਹੀਂ ਕੁੱਜੇ ਵਿਚ ਸਮੁੰਦਰ ਬੰਦ ਕਰਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਮੋਹਨ ਗਿੱਲ ਇਕ ਸਰਗਰਮ ਲੇਖਕ ਹੈ ਅਤੇ ਵਿਸ਼ੇਸ਼ ਕਰਕੇ ਸਮੇਂ ਦੇ ਹਾਲਾਤ ਨੂੰ ਆਪਣੀ ਕਾਵਿ ਕਲਾ ਰਾਹੀਂ ਪੇਸ਼ ਕਰਨ ਦੀ ਮੁਹਾਰਤ ਰੱਖਦਾ ਹੈ। ਮਹਿੰਦਰਪਾਲ ਸਿੰਘ ਪਾਲ, ਪਰਮਜੀਤ ਸਿੰਘ ਸੇਖੋਂ, ਬਿੰਦੂ ਮਠਾੜੂ, ਸਰਬਜੀਤ ਕੌਰ ਰੰਧਾਵਾ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ ਅਤੇ ਨਵਜੋਤ ਢਿੱਲੋਂ ਨੇ ਵੀ ਮੋਹਨ ਗਿੱਲ ਨੂੰ ਇਸ ਪੁਸਤਕ ਲਈ ਆਪਣੀ ਮੁਬਾਰਕਬਾਦ ਪੇਸ਼ ਕੀਤੀ। ਮੋਹਨ ਗਿੱਲ ਨੇ ਆਪਣੇ ਵੱਲੋਂ ਸਭਨਾਂ ਨੂੰ ਜੀ ਆਇਆਂ ਕਿਹਾ ਹੈ ਅਤੇ ਆਪਣੇ ਹਾਇਕੂ ਲਿਖਣ ਦੇ ਰੁਝਾਨ ਅਤੇ ਸਫਰ ਬਾਰੇ ਸੰਖੇਪ ਵਿਚ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕੁਝ ਸੁਭਾਵਿਕ ਲਿਖੇ ਗਏ ਹਾਇਕੂਆਂ ਨੂੰ ਵਿਦਵਾਨਾਂ ਦੀ ਦ੍ਰਿਸ਼ਟੀ ਨੇ ਬੜੀ ਗੰਭੀਰਤਾ ਪ੍ਰਦਾਨ ਕੀਤੀ ਹੈ ਜੋ ਉਸ ਲਈ ਬੇਹੱਦ ਖੁਸ਼ੀ ਦਾ ਸਬੱਬ ਹੈ। ਅੰਤ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਵਿਚ ਹਾਜਰ ਹੋਏ ਸਭਨਾਂ ਵਿਦਵਾਨਾਂ, ਮਹਿਮਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਸਾਧੂ ਬਿੰਨਿੰਗ, ਭੁਪਿੰਦਰ ਮੱਲ੍ਹੀ, ਰਾਜਵੰਤ ਰਾਜ, ਦਵਿੰਦਰ ਗੌਤਮ, ਗੁਰਦਰਸ਼ਨ ਬਾਦਲ, ਗੁਰਸ਼ਰਨ ਕੌਰ, ਦਵਿੰਦਰ ਕੌਰ ਜੌਹਲ, ਨਵਰੂਪ ਸਿੰਘ, ਡਾ. ਸੁਖਵਿੰਦਰ ਵਿਰਕ, ਨਵਰੀਤ ਸੇਖਾ, ਸਰਵਣ ਸਿੰਘ ਰੰਧਾਵਾ, ਮਨਜੀਤ ਕੌਰ ਗਿੱਲ, ਜਸਬੀਰ ਮਾਨ, ਕਵਿੰਦਰ ਚਾਂਦ, ਇੰਦਰਜੀਤ ਧਾਮੀ, ਪਰਮਿੰਦਰ ਸਵੈਚ ਅਤੇ ਡਾ. ਜਸ ਮਲਕੀਤ ਸ਼ਾਮਲ ਹੋਏ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL

Superior Mortgage
Unit 244-8138-128 Street, Surrey
Our Symbol of Care & Service
604 507 1000



• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE

- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com




# ਪਤਨੀ ਅਤੇ ਵਫਦ ਨਾਲ ਓਟਵਾ ਪਹੁੰਚੇ ਬਾਇਡਨ

ਓਟਵਾ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਆਪਣੀ ਪਤਨੀ ਤੇ ਵਫਦ ਨਾਲ ਵੀਰਵਾਰ ਸ਼ਾਮ ਨੂੰ ਕੈਨੇਡਾ ਪਹੁੰਚ ਗਏ। 27 ਘੰਟਿਆਂ ਦੇ ਬਾਇਡਨ ਦੇ ਇਸ ਦੌਰੇ ਦੌਰਾਨ ਕੈਨੇਡਾ ਤੇ ਅਮਰੀਕਾ



ਦਰਮਿਆਨ ਸਬੰਧਾਂ, ਪ੍ਰੋਟੈਕਸ਼ਨਿਜ਼ਮ ਤੇ ਸਰਹੱਦ ਦੇ ਦੋਵਾਂ ਪਾਸਿਆਂ ਉੱਤੇ ਹੋਣ ਵਾਲੀ ਮਾਈਗ੍ਰੇਸ਼ਨ ਵਰਗੇ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ। ਬਾਇਡਨ ਤੇ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਦਾ ਸਵਾਗਤ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ, ਵਿਦੇਸ਼ ਮੰਤਰੀ ਮਿਲੇਨੀ ਜੌਲੀ, ਕੈਨੇਡਾ ਵਿੱਚ ਅਮਰੀਕਾ ਦੇ ਅੰਬੈਸਡਰ ਡੇਵਿਡ ਕੋਹਨ ਤੇ ਅਮਰੀਕਾ ਵਿੱਚ ਕੈਨੇਡਾ ਦੀ ਅੰਬੈਸਡਰ ਕਰਸਟਿਨ ਹਿੱਲਮੈਨ ਵੱਲੋਂ ਕੀਤਾ ਗਿਆ।ਸੱਭ ਤੋਂ ਪਹਿਲਾਂ ਬਾਇਡਨ ਨੇ ਗਵਰਨਰ ਜਨਰਲ ਮੇਰੀ ਸਾਇਮਨ ਨਾਲ ਮੁਲਾਕਾਤ ਕਰਕੇ ਆਪਣੇ ਦੌਰੇ ਦੀ ਸ਼ੁਰੂਆਤ ਕੀਤੀ। ਵੀਰਵਾਰ ਸ਼ਾਮ ਨੂੰ ਬਾਇਡਨ ਤੇ ਉਨ੍ਹਾਂ ਦੀ ਪਤਨੀ ਜਿੱਲ ਬਾਇਡਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੌਇਰ ਟਰੂਡੋ ਨਾਲ ਰੀਡੂ ਕਾਟੇਜ ਸਥਿਤ ਉਨ੍ਹਾਂ ਦੀ ਰਿਹਾਇਸ਼ ਵਿਖੇ ਸਮਾਂ ਬਿਤਾਉਣਗੇ। ਵ੍ਹਾਈਟ ਹਾਊਸ ਨੈਸ਼ਨਲ ਸਕਿਊਰਿਟੀ ਕਾਊਂਸਲ ਦੇ ਤਰਜ਼ਮਾਨ ਜੌਹਨ ਕਰਬੀ ਨੇ ਆਖਿਆ ਕਿ 2009 ਤੋਂ ਬਾਅਦ ਦੋਵਾਂ ਆਗੂਆਂ ਵਿਚਾਲੇ ਪਹਿਲੀ ਦੁਵੱਲੀ ਮੀਟਿੰਗ ਅਸਲ ਵਿੱਚ ਹੁਣ ਕੈਨੇਡਾ ਵਿੱਚ ਹੋਣ ਜਾ ਰਹੀ ਹੈ।ਕਰਬੀ ਨੇ ਆਖਿਆ ਕਿ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਬਾਇਡਨ ਦਾ ਧਿਆਨ ਕੈਨੇਡਾ-ਅਮਰੀਕਾ ਸਬੰਧਾਂ ਵਿੱਚ ਸੁਧਾਰ ਲਿਆਉਣ ਉੱਤੇ ਕੇਂਦਰਿਤ ਰਿਹਾ। ਹੁਣ ਉਹ ਨਿਯਮਿਤ ਰਸਤਿਆਂ ਰਾਹੀਂ ਸੁਰੱਖਿਅਤ ਮਾਈਗ੍ਰੇਸ਼ਨ ਦੇ ਮਾਮਲੇ ਉੱਤੇ ਕੰਮ ਕਰ ਰਹੇ ਹਨ। ਤੀਜੇ ਸਾਲ ਵੱਲ ਵੱਧਦਿਆਂ ਤੇ ਇਸ ਦੌਰੇ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਇਹ ਅੰਦਾਜ਼ਾ ਲਾਵਾਂਗੇ ਕਿ ਅਸੀਂ ਕੀ ਕੁੱਝ ਕਰ ਚੁੱਕੇ ਹਾਂ, ਅਸੀਂ ਕਿੱਥੇ ਪਹੁੰਚ ਚੁੱਕੇ ਹਾਂ ਤੇ ਭਵਿੱਖ ਵਿੱਚ ਸਾਡੀਆਂ ਤਰਜੀਹਾਂ ਕੀ ਰਹਿਣਗੀਆਂ। ਦੋਵਾਂ ਆਗੂਆਂ ਵੱਲੋਂ ਹਾਇਤੀ ਦੇ ਮੁੱਦੇ ਉੱਤੇ ਵੀ ਵਿਸਥਾਰ ਨਾਲ ਗੱਲਬਾਤ ਕੀਤੇ ਜਾਣ ਦੀ ਸੰਭਾਵਨਾ ਹੈ। ਦੂਜੇ ਪਾਸੇ ਰੂਸ ਵੱਲੋਂ ਯੂਕਰੇਨ ਖਿਲਾਫ ਵਿੱਢੇ ਗਏ ਸੰਘਰਸ਼ ਤੇ ਚੀਨ ਵੱਲੋਂ ਸਿਰ ਚੁੱਕੇ ਜਾਣ ਦੇ ਮੁੱਦੇ ਵੀ ਇਸ ਦੌਰੇ ਦੌਰਾਨ ਮੁੱਖ ਤੌਰ ਉੱਤੇ ਵਿਚਾਰੇ ਜਾਣ ਦੀ ਸੰਭਾਵਨਾ ਹੈ।

# ਉਡਾਣ ਭਰਨ ਦੇ ਨਾਲ ਹੀ ਘਰ ਦੇ ਉਤੇ ਕਰੈਸ਼ ਹੋਇਆ ਗਲਾਈਡਰ-2 ਜ਼ਖਮੀ

ਧਨਬਾਦ-ਝਾਰਖੰਡ ਦੇ ਧਨਬਾਦ 'ਚ ਬਰਵੱਡਾ ਏਅਰਪੋਰਟ ਨੇੜੇ ਇਕ ਨਿੱਜੀ ਘਰ 'ਤੇ ਗਲਾਈਡਰ ਕ੍ਰੈਸ਼ ਹੋਣ ਦੀ ਖਬਰ ਹੈ।



ਇਸ ਘਟਨਾ 'ਚ 2 ਲੋਕ ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਿਕ ਜਿਵੇਂ ਹੀ ਗਲਾਈਡਰ ਨੇ ਏਅਰਪੋਰਟ ਤੋਂ ਉਡਾਨ ਭਰੀ ਤਾਂ ਉਸ 'ਚ ਕੁਝ ਤਕਨੀਕੀ ਖਰਾਬੀ ਆ ਗਈ। ਗਲਾਈਡਰ ਕਰੀਬ 500 ਮੀਟਰ ਦੀ ਦੂਰੀ 'ਤੇ ਹਾਦਸਾਗ੍ਰਸਤ ਹੋ ਗਿਆ। ਸਥਾਨਕ ਪ੍ਰਸ਼ਾਸਨ ਨੂੰ ਜਿਵੇਂ ਹੀ ਇਸ ਗਲਾਈਡਰ ਦੇ ਹਾਦਸਾਗ੍ਰਸਤ ਹੋਣ ਦਾ ਪਤਾ ਲੱਗਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਪੁਲਿਸ ਅਤੇ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕਾਂ ਦੀ ਭੀੜ ਮੌਕੇ 'ਤੇ ਇਕੱਠੀ ਹੋ ਗਈ। ਦਰਅਸਲ, ਕੁਝ ਸਮੇਂ ਤੋਂ ਲੋਕਾਂ ਨੂੰ ਗਲਾਈਡਰ ਰਾਹੀਂ ਧਨਬਾਦ ਦੀ ਯਾਤਰਾ 'ਤੇ ਲਿਜਾਇਆ ਜਾ ਰਿਹਾ ਸੀ। ਗਲਾਈਡਰ ਨੇ ਵੀਰਵਾਰ ਨੂੰ ਵੀ ਉਡਾਣ ਭਰੀ। ਪਰ ਤਕਨੀਕੀ ਖਰਾਬੀ ਕਾਰਨ ਇਹ ਕਰੈਸ਼ ਹੋ ਗਿਆ। ਅਧਿਕਾਰੀ ਤਕਨੀਕੀ ਖਾਮੀਆਂ ਦਾ ਪਤਾ ਲਗਾ ਰਹੇ ਹਨ। ਦੱਸ ਦੇਈਏ ਕਿ ਹਾਲ ਹੀ ਵਿੱਚ ਬਾਲਾਘਾਟ ਵਿੱਚ ਇੱਕ ਚਾਰਟਰਡ ਜਹਾਜ਼ ਕਰੈਸ਼ ਹੋ ਗਿਆ ਸੀ। ਇਸ ਹਾਦਸੇ ਵਿੱਚ ਪਾਇਲਟ ਸਮੇਤ ਟਰੇਨੀ ਕੁੜੀ ਦੀ ਮੌਤ ਹੋ ਗਈ। ਇਸ ਚਾਰਟਰਡ ਜਹਾਜ਼ ਨੇ ਕਰੀਬ 15 ਮਿੰਟ ਪਹਿਲਾਂ ਬਿਰਸੀ ਏਅਰਕ੍ਰਾਫਟ ਤੋਂ ਉਡਾਣ ਭਰੀ ਸੀ। ਕਰੈਸ਼ ਹੋਣ ਤੋਂ ਬਾਅਦ ਜਹਾਜ਼ ਸੜ ਕੇ ਸੁਆਹ ਹੋ ਗਿਆ।


## ਬੀ ਸੀ ਸਰਕਾਰ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਰਹੀ ਹੈ।

**ਰਲ਼ ਕੇ ਅਸੀਂ ਹੋਰ ਮਜ਼ਬੂਤ ਬੀ.ਸੀ. (StrongerBC) ਦੇ ਨਿਰਮਾਣ ਲਈ ਕੰਮ ਕਰ ਰਹੇ ਹਾਂ।**

ਬੱਜਟ 2023 ਵਿੱਚ ਲੋਕਾਂ ਦੀ ਸਹਾਇਤਾ ਲਈ ਨਵੇਂ ਨਿਵੇਸ਼ ਸ਼ਾਮਲ ਹਨ:

- ਲੋੜੀਂਦੇ ਡਾਕਟਰਾਂ ਅਤੇ ਨਰਸਾਂ ਨੂੰ ਸਿਖਲਾਈ ਦੇ ਕੇ ਅਤੇ ਉਹਨਾਂ ਨੂੰ ਕੰਮ 'ਤੇ ਬਰਕਰਾਰ ਰੱਖ ਕੇ ਸਿਹਤ ਸੰਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨਾ
- ਕਿਰਾਏਦਾਰਾਂ, ਬਜ਼ੁਰਗਾਂ, ਵਿਦਿਆਰਥੀਆਂ ਅਤੇ ਮੱਧ-ਆਮਦਨ ਵਾਲੇ ਪਰਿਵਾਰਾਂ ਲਈ ਹੋਰ ਘਰਾਂ ਦਾ ਨਿਰਮਾਣ ਕਰਨਾ
- ਨਵੇਂ ਗਰੈਜੁਏਟ ਹੋਏ ਅਤੇ ਨੌਕਰੀਆਂ ਬਦਲਣ ਵਾਲੇ ਲੋਕਾਂ ਲਈ ਸਿਖਲਾਈ ਦੇ ਮੌਕਿਆਂ ਦਾ ਵਿਸਤਾਰ ਕਰਨਾ

**ਜਾਣੋ ਕਿ ਅਸੀਂ ਤੁਹਾਡੇ ਲਈ ਕਿਵੇਂ ਕੰਮ ਕਰ ਰਹੇ ਹਾਂ।**



> StrongerBC.ca 'ਤੇ ਹੋਰ ਜਾਣੋ।

BRITISH COLUMBIA StrongerBC

# Prism Lawyers

*Reliable & Effective Legal Solutions*

- Immigration Services
- Real Estate Sale, Purchase, Refinance (Residential and Commercial)
- Family Law
- Personal Injury
- Wills and Estates
- Incorporation of Business
- All Notary Services
- Sponsorship Letters
- Power of Attorney

- ਇੰਮੀਗ੍ਰੇਸ਼ਨ ਸੇਵਾਵਾਂ
- ਰਿਅਲ ਅਸਟੇਟ ਵੇਚਣਾ, ਖਰੀਦਣਾ ਜਾਂ ਰਿਫਾਇਨਾਂਸ (ਰੈਂਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ)
- ਫੈਮਿਲੀ ਲਾਅ
- ਪਰਸਨਲ ਇੰਜਰੀ
- ਵਿਲਜ਼ ਅਤੇ ਅਸਟੇਟ
- ਕਾਰੋਬਾਰਾਂ ਦੀ ਇਨਕਾਰਪੋਰੇਸ਼ਨ
- ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ
- ਸਪਾਂਸਰਸ਼ਿਪ ਲੈਟਰਜ਼
- ਪਾਵਰ ਆਫ਼ ਅਟਾਰਨੀ





**Rupinder Randhawa**
Barrister and Solicitor

**Prism Law Corporation**
Unit 349 – 8140 128 St.
Surrey, BC V3W 1R1

**T: (778) 683 2130**
F: (888) 512 6566
ask@prismlawyers.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

## ਕੁਦਰਤ ਦੀ ਸੂਖ਼ਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ


# ਵਿਗਿਆਨ ਤੇ ਕੁਦਰਤ ਦਾ ਅਦਭੁਤ ਪਹਾੜੀ ਸ਼ਹਿਰ ਬੈਂਫ (ਕੈਨੇਡਾ)

**ਬਲਵਿੰਦਰ ਬਾਲਮ ਗੁਰਦਾਸਪੁਰ**

ਐਲਬਰਟਾ (ਐਡਮਿੰਟਨ, ਕਨੇਡਾ) ਦਾ ਇਕ ਵਿਸ਼ਵ ਪ੍ਰਸਿੱਧ ਖ਼ੂਬਸੂਰਤ ਪਹਾੜੀ ਸ਼ਹਿਰ ਹੈ ਬੈਂਫ। ਬੈਂਫ ਵਿਖੇ ਹੀ ਹੈ ਕਨੇਡਾ ਦਾ ਸਭ ਤੋਂ ਵੱਡਾ ਖ਼ੂਬਸੂਰਤ ਫਾਈਵ ਸਟਾਰ ਹੋਟਲ। ਜਿਸ ਦਾ ਨਾਮ ਹੈ ਫੇਅਰ ਹੋਟਲ। ਇਹ ਇਹ ਪਹਾੜੀ ਉਪਰ ਸਥਿਤ ਹੈ। ਇਹ ਹੋਟਲ ਦੂਰੋਂ ਨਜ਼ਰ ਆਉਂਦਾ ਹੈ ਜਿਵੇਂ ਅਸਮਾਨ ਵਿਚ ਖਿਡੌਣੇ ਲਟਕਦੇ ਹੋਣ। ਇਸਦੀ ਸ਼ਿਲਪ-ਸ਼ੈਲੀ ਬਨਾਵਟ, ਸਜਾਵਟ, ਅਦਾਵਟ, ਕਮਲਾ ਦੀ ਹੈ। ਮਨੁੱਖ ਨੇ ਧਰਤੀ 'ਤੇ ਸਵਰਗ ਸਿਰਜ ਦਿੱਤਾ ਹੈ। ਕੁਦਰਤ ਦੀ ਸੂਖਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ। ਵਿਗਿਆਨ ਅਤੇ ਕੁਦਰਤ ਦਾ ਤਲਿਸਮੀ ਅਦਭੁਤ ਪਹਾੜੀ ਸ਼ਹਿਰ ਬੈਂਫ। ਸਿਫ਼ਤੀ ਦਾ ਭੰਡਾਰ, ਕਾਲਾ ਦਾ ਸਰਵਉਚ ਸਥਾਨ। ਵਿਸ਼ਵ ਦੇ ਪ੍ਰਸਿਧ, ਖ਼ੂਬਸੂਰਤ ਸ਼ਹਿਰਾਂ 'ਚੋਂ ਇਕ ਹੈ ਬੈਂਫ ਦੀ ਲਾਜਵਾਬ ਖ਼ੂਬਸੂਰਤੀ। ਇਥੇ ਪਾਰਦਰਸ਼ੀ ਪਾਣੀ ਦੀਆਂ ਯਥਾਰਥ ਝੀਲਾਂ, ਕਿਸੇ ਮੁਟਿਆਰ ਦੀ ਗਿੱਟੇ ਛੂਹਦੀ ਗੁੰਦਵੀਂ ਗੁੱਤ ਵਗ ਝਰ-ਝਰ ਕਲ-ਲ ਡਿਗਦੇ ਮਨਮੋਹਣੇ ਝਰਨੇ, ਚਾਂਦੀ ਰੰਗੇ ਗੋਟੇ ਲੱਗੇ ਦੁਪੱਟੇ ਵਾਂਗ ਲਹਿਰਾਉਂਦੀਆਂ ਗੁਣਗਣਾਉਂਦੀਆਂ ਪਵਿੱਤਰ ਨਹਿਰਾਂ, ਆਲੌਕਿਕ ਰੂਪ ਵਿਚ ਮਰਮਸਪਰਸ਼ੀ ਤੇ ਵਿਹੰਗਮ ਦ੍ਰਿਸ਼, ਸ਼ੋਖ ਅਦਾਵਾਂ ਵਿਚ ਲਹਿਲਹਿਰਾਉਂਦੀ ਕੁਦਰਤੀ ਬਨਸਪਤੀ, ਜਾਨਵਰਾਂ-ਪੰਛੀਆਂ, ਕੀਟ ਪਤੰਗਿਆਂ ਨੂੰ ਗੋਦ ਵਿਚ ਸੰਭਾਲੀ ਹਰੇ ਭਰੇ ਲੰਬੇ-ਚੌੜੇ, ਉਚੇ ਸੰਘਣੇ ਜੰਗਲ, ਲੱਖਾਂ ਸਾਲ ਪੁਰਾਣੇ ਅਨੇਕਾਂ ਸਵਰੂਪਾਂ ਦੇ ਕਲਾਤਮਕ ਪਹਾੜ, ਫਲਾਂ, ਫੁੱਲਾਂ ਨਾਲ ਲੱਦੇ ਖ਼ੂਬਸੂਰਤ ਰਸੀਲੇ ਬਾਗ-ਬਗ਼ੀਚੇ, ਜ਼ਿੰਦਗੀ ਨੂੰ ਸਕੂਨ, ਅਧਿਆਤਮਿਕਤਾ, ਇਕਾਗਰਤਾ ਅਤੇ ਮਾਨਵਤਾ ਦਾ ਸੰਦੇਸ਼ ਦਿੰਦੀਆਂ ਚੁਲਬੁਲੀਆਂ ਵਾਦੀਆਂ (ਵਾਦੀਆਂ-ਘਾਟੀਆਂ), ਆਪਣੇਪਣ ਦਾ ਅਹਿਸਾਸ ਕਰਵਾਉਂਦੀਆਂ ਆਂਚਲਿਕ ਪਗਡੰਡੀਆਂ, ਚਿਕਨੇ ਚੁਪੜੇ ਸੁੰਦਰ ਆਧੁਨਿਕ ਸੁਵਿਧਾਪੂਰਵਕ ਹੋਟਲ, ਮਾਨਵੀਂ ਕਦਰਾਂ ਕੀਮਤਾਂ ਦੇ ਭੂਮੰਡਲੀਕਰਣ ਬਾਜ਼ਾਰ ਅਤੇ ਸਭ ਤੋਂ ਮਹੱਤਵਪੂਰਨ ਖਿੱਚ ਦਾ ਕੇਂਦਰ ਵਿਗਿਆਨਕ ਕਦਰਾਂ ਕੀਮਤਾਂ ਦਾ ਅਨੋਖਾ ਯਾਤਰਿਕ ਇਲੈਕਟਰਿਕ ਝੂਲਾ ਗੰਡੋਲਾ।

ਦਿੱਲੀ ਤੋਂ ਐਡਮਿੰਟਨ (ਕਨੇਡਾ) ਬਾਈ ਏਅਰ ਲਗਭਗ 20 ਘੰਟੇ ਲੱਗ ਹੀ ਜਾਂਦੇ ਹਨ। ਐਡਮਿੰਟਨ ਤੋਂ ਬੈਂਫ ਲਗਭਗ 401 ਕਿਲੋਮੀਟਰ ਹੈ। ਕੈਲਗਰੀ ਤੋਂ ਲਗਭਗ 128 ਕਿਲੋਮੀਟਰ, ਲੇਕ ਲੁਈ ਤੋਂ ਲਗਭਗ 50 ਕਿਲੋਮੀਟਰ ਦੇ ਕਰੀਬ ਹੈ ਬੈਂਫ। ਜਹਾਜ 'ਤੇ ਆਉਣ ਲੱਗਿਆ ਇਕ ਮਹੱਤਵਪੂਰਨ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਜੇ 50 ਸਾਲ ਤੋਂ ਉਪਰ ਹੋ ਤਾਂ 'ਵ੍ਹੀਲ ਚੇਅਰ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ। ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ ਉਪਰ 'ਵਿੰਡੋ ਸੀਟ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ। ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ ਉਪਰ 'ਵਿੰਡੋ ਸੀਟ' ਵੀ ਜ਼ਰੂਰ ਲਓ। ਕਿਉਂਕਿ ਜਹਾਜ਼ 'ਚੋਂ ਬਾਹਰੀ ਦ੍ਰਿਸ਼ ਵੇਖਣ ਦਾ ਬੜਾ ਆਨੰਦ ਆਉਂਦਾ ਹੈ। ਫੋਟੋਗ੍ਰਾਫੀ ਵੀ ਕਮਾਲ ਦੀ ਆਉਂਦੀ ਹੈ।

ਐਡਮਿੰਟਨ ਸ਼ਹਿਰ ਤੋਂ ਬੈਂਫ ਜਾਣ ਲਈ 'ਨਿਸਕੂ ਰੋਡ' ਜਾਣਾ ਪੈਂਦਾ ਹੈ। ਲਗਭਗ ਪੰਜ ਘੰਟਿਆਂ ਦਾ ਸਫ਼ਰ ਹੈ ਕਾਰ ਦਾ। ਨਿਸਕੂ



ਇਕ ਪਿੰਡ ਹੈ ਜਿੱਥੇ ਐਡਮਿੰਟਨ ਦਾ ਇੰਟਰਨੈਸ਼ਨਲ ਏਅਰ ਪੋਰਟ ਹੈ। ਬੈਂਫ ਜਾਣ ਲਈ ਬੱਸਾਂ, ਟੈਕਸੀਆਂ ਵੀ ਮਿਲ ਜਾਂਦੀਆਂ ਹਨ।

ਬੈਂਫ ਤੱਕ ਦੇ ਰਸਤੇ ਵਿਚ ਤਰ੍ਹਾਂ-ਤਰ੍ਹਾਂ ਦੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ। ਭੂਗੋਲਿਕ ਸੁੰਦਰਤਾ, ਕੁਦਰਤੀ ਸੁੰਦਰਤਾ, ਵਾਤਵਰਣ ਦੀ ਸੁੰਦਰਤਾ,ਰਸਤਿ ਵਚ ਵੇਖਣ ਨੂੰ ਮਿਲਦੀ ਹੈ।


ਪਤਝੜ ਦੇ ਮੌਸਮ ਵਿਚ ਰੰਗ-ਬਿਰੰਗੇ ਸੁੰਦਰ ਦਿ ਸ਼ ਕਮਾਲ ਦੇ ਹੁੰਦੇ ਹਨ। ਲੈਂਡ ਸਕੇਪਿੰਗ ਵਿਚ ਕਨੇਡਾ ਵਿਸ਼ਵ ਦਾ ਇਕ ਨੰਬਰ ਦੇਸ਼ ਹੈ। ਇੱਥੇ ਝੀਲਾਂ, ਸੜਕਾਂ, ਚੌਂਕਾਂ, ਵਾਦੀਆਂ, ਪਹਾੜਾਂ ਆਦਿ 'ਤੇ ਰੁੱਖਾਂ ਤੇ ਫੁੱਲਾਂ ਦੀ ਅਜੀਬ-ਨਿਰਾਲੀ ਦਿਖ ਵਾਲੀ ਲੈਂਡ ਸਕੇਪਿੰਗ ਖੇਚਲ ਭਰਪੂਰ ਹੈ।

ਬੈਂਫ ਨੂੰ ਜਿੱਥੇ ਕੁਦਰਤ ਨੇ ਅਪਣੀ ਕਿਰਪਾ ਨਾਲ ਸੰਵਾਰਿਆ, ਨਿਵਾਜ਼ਿਆ ਹੈ ਉਥੇ ਵਿਗਿਆਨੀਆਂ ਦਾ ਵੀ ਅਦਭੁਤ ਕਮਾਲ ਹੈ।

ਖਾਸ ਕਰਕੇ 'ਗੰਡੋਲਾ ਯਾਤਰਾ'। ਜਿੱਥੇ ਗੰਡੋਲਾ ਯਾਤਰਾ ਸ਼ੁਰੂ ਹੁੰਦੀ ਹੈ, ਉਹ ਪਹਾੜੀ ਦੇ ਦਿ ਸ਼, ਸਹੂਲਤਾਂ ਮਨਮੋਹਣੀਆਂ ਅਤੇ ਦਿਲਚਸਪ ਹਨ। ਯਾਤਰੀਆਂ ਦਾ ਸ਼ਾਨਦਾਰ ਢੰਗ ਨਾਲ ਸਨਮਾਨ-ਕਦਰ ਹੁੰਦੀ ਹੈ।

ਗੰਡੋਲਾ ਬੈਂਫ ਦੇ ਇਕ ਉਚੇ ਪਹਾੜ ਤੋਂ ਸ਼ੁਰੂ ਹੋ ਕੇ ਇਸ ਤੋਂ ਵੀ ਉਪਰ ਉਚੇ ਪਹਾੜ ਤੱਕ ਜਾਂਦਾ ਹੈ। ਹੇਠਲੀ ਪਹਾੜੀ ਜਿੱਥੋਂ ਗੰਡੋਲਾ ਸ਼ੁਰੂ ਹੁੰਦਾ ਹੈ ਲਗਭਗ 698 ਮੀਟਰ ਉਚੀ ਹੈ ਅਤੇ ਜਿਸ ਪਹਾੜੀ ਦੀ ਟੀਸੀ ਉਪਰ ਜਾ ਕੇ ਰੁਕਦਾ ਹੈ ਉਹ ਪਹਾੜੀ 2281 ਮੀਟਰ ਉਚੀ ਹੈ। ਗੰਡੋਲਾ ਵਿਚ ਚਾਰ ਵਿਅਕਤੀ ਹੀ ਬੈਠ ਸਕਦੇ ਹਨ। ਗੰਡੋਲਾ ਯਾਤਰਾ ਦਾ ਖ਼ਤਰਨਾਕ ਪਰ ਦਿਲਚਸਪ ਮੌਕਾ ਹੁੰਦਾ ਹੈ। ਗੰਡੋਲਾ ਤੋਂ ਖ਼ੂਬਸੂਰਤ ਦਿ ਸ਼ ਨਜ਼ਰ ਆਉਂਦੇ ਹਨ ਜੋ ਚੰਗੇ ਲਗਦੇ ਹਨ।

ਗੰਡੋਲਾ ਜਿਸ ਸਲਫਰ ਪਹਾੜੀ ਉਪਰ ਰੁਕਦਾ ਹੈ ਉਸ ਉਚੀ ਪਹਾੜੀ ਦੀ ਟੀਸੀ ਉਪਰ ਕਈ ਮੰਜ਼ਿਲਾ ਆਧੁਨਿਕ ਸ਼ਾਨਦਾਰ ਵਾਲਾ ਹੋਟਲ ਹੈ। ਉਥੇ ਬੀਅਰ ਆਦਿ ਪੀਣ ਦੀ ਕੋਈ ਮਨਾਹੀ ਨਹੀਂ ਹੈ। ਸਾਰਾ ਹੋਟਲ ਪੇਂਟਿਗਸ ਨਾਲ ਸੁਸ਼ੋਭਿਤ ਹੈ। ਸੁੰਦਰ ਭਿੱਤੀ ਅਤੇ



ਦੀਵਾਰੀ ਅਤੇ ਚਿੱਤਰਕਾਰੀ ਦੇ ਨਾਲ ਲੋਕੀ ਤਸਵੀਰਾਂ ਲੈਂਦੇ ਹਨ। ਹੋਟਲ ਦੇ ਬਾਹਰ ਖੁੱਲ੍ਹਾ-ਡੁੱਲਾ ਬਿਨਾਂ ਛੱਤ ਵਾਲਾ ਲਾਨ (ਬਰਾਮਦਾ) ਹੈ। ਇਸ ਹੋਟਲ ਤੋਂ ਸਾਰਾ ਬੈਂਫ, ਝੀਲਾਂ, ਨਦੀਆਂ, ਬਾਗ-ਬਗੀਚੇ


SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com






ਆਦਿ ਸਭ ਕੁਝ ਸੁੰਦਰ ਨਜ਼ਾਰੇ ਆਉਂਦੇ ਹਨ। ਲੋਕੀਂ-ਯਾਤਰੀ ਯਾਦਗਾਰੀ ਤਸਵੀਰਾਂ ਪੱਲੇ ਬੰਨਦੇ ਹਨ।

ਜਿਸ ਹੋਟਲ ਦੀ ਪਹਾੜੀ ਉਪਰ 'ਗੰਡੋਲਾ' ਪਹੁੰਚਦਾ ਹੈ ਉਸ ਦੇ ਖੱਬੇ ਪਾਸੇ ਬਹੁਤ ਵੱਡੀ ਖੱਡ ਤੋਂ ਬਾਅਦ ਇਕ ਬਹੁਤ ਉਚੀ ਟਾਵਰ ਵਾਲੀ ਪਹਾੜੀ ਹੈ। ਲਗਭਗ ਇਕ ਮਰਲੇ ਦੀ ਟੀਸੀ ਵਾਲੀ ਪਹਾੜੀ। ਇਸਦੀ ਯਾਤਰਾ ਲਈ ਵਿਗਿਆਨੀਆਂ ਨੇ ਕਮਾਲ ਦੇ ਹੁਨਰ ਵਿਖਾਏ।

ਹੋਟਲ ਵਾਲੀ ਪਹਾੜੀ ਤੋਂ ਸਾਹਮਣੇ ਟਾਵਰ ਵਾਲੀ ਪਹਾੜੀ ਤੱਕ ਜਾਣ ਲਈ ਲਗਭਗ ਦੋ ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ। ਇਹ ਫਾਸਲਾ ਕਮਾਲ ਦਾ ਹੈ। ਦੋਵਾਂ ਪਹਾੜਾਂ ਦੇ ਵਿਚਕਾਰ ਇਕ ਬਹੁਤ ਡੂੰਘੀ ਖੱਡ ਹੈ। ਕਈ ਮੀਲ ਡੂੰਘੀ। ਇਹ ਖੱਡ ਲਗਭਗ ਦੋ ਕਿਲੋਮੀਟਰ ਦੇ ਕਰੀਬ ਹੈ।

ਇੱਥੋਂ ਦੇ ਵਿਗਿਆਨੀਆਂ ਨੇ ਸਖਤ ਮਿਹਨਤ, ਨਿਵੇਕਲੀ ਯੋਜਨਾ ਰਾਹੀਂ, ਵਿਗਿਆਨਕ ਕਲਾ ਨਾਲ ਦੋ ਪਹਾੜੀਆਂ ਵਿਚ ਪੈਂਦੀ ਖੱਡ ਉਪਰ ਲੱਕੜ ਦਾ ਟੇਢਾ-ਮੇਢਾ ਮੋੜਾਂ-ਕੋੜਾਂ ਵਾਲਾ ਰਸਤਾ ਬਣਾ ਦਿੱਤਾ ਹੈ। ਟੇਢਾ-ਮੇਢਾ-ਉਚਾ-ਨੀਵਾਂ ਲੰਬਾ ਲੱਕੜ ਦਾ ਰਸਤਾ ਖੱਡ ਦੇ ਉਪਰ ਦੀ ਜਾਂਦਾ ਹੈ। ਰਸਤੇ ਵਿਚ 'ਰੁਕਣ ਸਥਾਨ' ਬਣਾਏ ਹੋਏ ਹਨ ਕਿਉਂਕਿ ਰਸਤਾ ਚੜ੍ਹਾਈ ਵਾਲਾ ਹੈ। ਰੁਕਣ ਸਥਾਨਾਂ ਉਪਰ ਬੈਂਚ, ਸਫ਼ਾਈ ਢੋਲ ਬਣੇ ਹਨ। ਇਨ੍ਹਾਂ ਸਥਾਨਾਂ ਤੋਂ ਕਈ ਮੀਲ ਥੱਲੇ ਬੈਂਫ ਸ਼ਹਿਰ ਦੇ ਸਾਰੇ ਇਲਾਕੇ ਦਾ ਦਿ੍ਸ਼ ਏਦਾਂ ਨਜ਼ਰ ਆਉਂਦਾ ਹੈ ਜਿਵੇਂ ਦੂਰ ਹੇਠਾਂ ਨਦੀਆਂ, ਝੀਲਾਂ, ਪਹਾੜਾਂ, ਬਾਗ਼ਾਂ, ਘਰਾਂ (ਆਬਾਦੀ) ਆਦਿ ਦਾ ਸਮੂਹਿਕ ਦਿ੍ਸ਼ ਕਿਸੇ ਨਕਸ਼ੇ ਦੀ ਤਰ੍ਹਾਂ ਜਾਂ ਪਤੰਗ ਦੀਟਾਂ ਡੋਰਾਂ ਦੇ ਪੇਚੇ ਵਾਂਗ ਫੈਲਿਆਂ ਨਜ਼ਰ ਆਉਂਦਾ ਹੈ। ਯਥਾਰਥ ਮਨਮੋਹਣਾ। ਇਕ ਜੰਨਤ ਦਾ ਦੂਸਰਾ ਨਾਮ। ਇਕ ਆਲੌਕਿਕਤਾ ਵਿਚ ਵਾਸਤਵਿਕ ਲੋਕਿਕਤਾ ਦਾ ਨਜ਼ਾਰਾ।

ਇਹ ਪਹਾੜੀ ਤੱਕ ਜਾਂਦਿਆਂ ਲੱਕੜ ਦੇ ਰਸਤੇ ਜ਼ਰੀਏ ਲਗਭਗ ਪੈਦਲ 1 ਤੋਂ 2 ਘੰਟੇ ਲਗ ਜਾਂਦੇ ਹਨ ਪਰ ਨੌਜਵਾਨ ਇਹ ਫਾਸਲਾ ਜਲਦੀ ਵੀ ਤੈਅ ਕਰ ਲੈਂਦੇ ਹਨ। ਇਹ ਯਾਤਰਾ ਕੇਵਲ ਪੈਦਲ ਹੁੰਦੀ




ਹੈ। ਇਨ੍ਹਾਂ ਉਚੀਆਂ ਪਹਾੜੀਆਂ ਉਪਰ ਸਭ ਤੋਂ ਪਹਿਲਾਂ ਸਾਨਸਨ ਨਾਂਅ ਦਾ ਵਿਅਕਤੀ 1896 ਵਿਚ ਚੜ੍ਹਿਆ ਸੀ। ਬੈਂਫ ਵਿਖੇ ਬੋ-ਵੈਲੀ ਦੇ ਦਿ੍ਸ਼ ਮਨਮੋਹਣੇ ਹਨ। ਇੱਥੋਂ ਦੀ ਮਸ਼ਹੂਰ ਜਗ੍ਹਾ ਹੈ ਨੈਸ਼ਨਲ ਪਾਰਕ। ਇਸ ਪਾਰਕ ਤੋਂ ਇਲਾਵਾ ਅਨੇਕਾਂ ਹੋਰ ਕਈ ਪ੍ਰਸਿੱਧ ਦਿਲਕਸ਼ ਪਾਰਕ ਹਨ। ਸੁੰਦਰ ਬੈਂਫ ਸ਼ਹਿਰ ਨੂੰ 'ਨੈਸ਼ਨਲ ਇਤਿਹਾਸਕ' ਸਥਾਨ ਦਾ ਦਰਜਾ ਦਿੱਤਾ ਗਿਆ ਹੈ। ਬੈਂਫ ਕਈ ਉਦਯੋਗ ਹਨ। ਕਈ ਤਰ੍ਹਾਂ ਦੀਆਂ ਖਾਨਾਂ ਅਤੇ ਹੋਰ ਵਿਉਪਾਰਕ ਧੰਦੇ ਹੁੰਦੇ ਹਨ।

ਬੈਂਫ ਦੀਆਂ ਦੂਰ ਛੇ ਪਹਾੜੀਆਂ ਦੇ ਆਲੌਕਿਕ ਦਿ੍ਸ਼ ਵੇਖਣ ਵਾਲੇ ਹਨ। ਇਹ ਛੇ ਪਹਾੜੀਆਂ ਤਿਕੋਣੀ, ਤੇਜ਼ ਨੁਕਲੀਆਂ ਪਹਾੜੀ ਬਰਫ਼ ਨਾਲ ਢੱਕੀਆਂ ਜੰਨਤ ਦਾ ਮੁਹਾਂਦਰਾ ਪੇਸ਼ ਕਰਦੀਆਂ ਹਨ।

ਜੁਲਾਈ, ਅਗਸਤ ਦੇ ਮਹੀਨੇ ਇੱਥੇ ਸੂਰਜ ਚੜ੍ਹਣ ਤੋਂ ਡੁੱਬਣ ਦੇ ਸਮੇਂ ਦਾ ਮਨਮੋਹਣਾ ਉਤਸਵ ਹੁੰਦਾ ਹੈ। ਸ਼ਾਮ ਦੇ ਵੇਲੇ ਸੂਰਜ ਛਿਪਣ ਦੇ ਮੌਕੇ ਨਜ਼ਾਰਾ ਆਲੌਕਿਕ ਆਗਾਜ਼ ਪੈਦਾ ਕਰਦਾ ਹੈ। ਪਹਾੜਾਂ ਪਿੱਛੋਂ ਨਿਕਲਦਾ ਸੂਰਜ ਜਿਵੇਂ ਕੋਈ ਕੁਦਰਤੀ ਦੇਵਤਾ ਦਾ ਜਨਮ ਹੋ ਰਿਹਾ ਹੋਵੇ। ਰੌਸ਼ਨੀ ਦਾ ਤਲਿਸਮ।

ਇਸ ਇਲਾਕੇ ਵੱਲ ਕੀਮਤੀ ਮੱਛੀ ਪਾਲਣ ਅਤੇ ਖੇਤੀ-ਵਪਾਰਕ ਉਦਯੋਗ ਹਨ। ਕੁਲ ਮਿਲਾ ਕੇ ਕੁਦਰਤ ਅਤੇ ਵਿਗਿਆਨ ਦਾ ਸੁੰਦਰ, ਅਦਭੁਤ ਸੁਮੇਲ ਹੈ ਬੈਂਫ+ਗੰਡੋਲਾ।

**ਓਂਕਾਰ ਨਗਰ, ਗੁਰਦਾਸਪੁਰ,**
98156-25409
**ਐਡਮਿੰਟਨ, ਅਲਬਰਟਾ (ਕੈਨੇਡਾ)**
780-807-6007





# 'ਆਪ' ਨੇ ਸ਼ੁਰੂ ਕੀਤੀ 'ਮੋਦੀ ਹਟਾਉ ਦੇਸ਼ ਬਚਾਉ' ਮੁਹਿੰਮ, ਦਿੱਲੀ 'ਚ ਹੋਈ ਮੀਟਿੰਗ

ਨਵੀਂ ਦਿੱਲੀ-ਆਮ ਆਦਮੀ ਪਾਰਟੀ (ਆਪ) ਨੇ ਵੀਰਵਾਰ ਨੂੰ ਜੰਤਰ-ਮੰਤਰ ਤੋਂ 'ਮੋਦੀ ਹਟਾਉ, ਦੇਸ਼ ਬਚਾਉ'ਮੁਹਿੰਮ ਦੀ ਸ਼ੁਰੂਆਤ ਕਰਦਿਆਂ 2024 ਦੀਆਂ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਇਸ ਮੌਕੇ ਕਿਹਾ ਕਿ ਜਦੋਂ ਤੋਂ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਬਣੇ ਹਨ, ਉਦੋਂ ਤੋਂ ਹੀ ਸਕੂਲਾਂ ਦਾ ਸੁਧਾਰ ਕੀਤਾ ਗਿਆ ਹੈ। ਪਹਿਲਾਂ ਸਕੂਲਾਂ ਵਿੱਚ ਜਾਲੇ ਹੁੰਦੇ ਸਨ, ਮਨੀਸ਼ ਸਿਸੋਦੀਆ ਨੇ ਸਕੂਲ ਪੱਕੇ ਕਰਵਾਏ, ਸਕੂਲਾਂ ਵਿੱਚ ਸਵੀਮਿੰਗ ਪੂਲ ਬਣਾਏ, ਫਿਰ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ। ਮੁਹੱਲਾ ਕਲੀਨਿਕ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣ ਵਾਲੇ ਸਾਡੇ ਦੂਜੇ ਮੰਤਰੀ ਸਤੇਂਦਰ ਜੈਨ ਨੂੰ ਫੜ ਕੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ 42 ਵਿਧਾਇਕਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ ਹਨ। ਪੁਲਸ ਸੋਮਨਾਥ ਭਾਰਤੀ ਦੇ ਕੁੱਤੇ ਨੂੰ ਫੜ ਕੇ ਲੈ ਗਈ। ਆਮ ਆਦਮੀ ਪਾਰਟੀ ਨਾਲ ਇਨੀ ਨਫਰਤ ? ਤੁਸੀਂ ਜਿੰਨੀ ਮਰਜ਼ੀ ਨਫ਼ਰਤ ਕਰੋ, ਦਿੱਲੀ ਤੋਂ ਬਾਅਦ ਪੰਜਾਬ ਵਿੱਚ ਸਰਕਾਰ ਬਣੀ, ਪੰਜਾਬ ਦੇ 90 ਫੀਸਦੀ ਲੋਕਾਂ ਨੂੰ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ। ਮੁਹੱਲਾ ਕਲੀਨਿਕ ਦਾ ਕੰਮ ਚੱਲ ਰਿਹਾ ਹੈ। ਸੰਜੇ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜਨਤਾ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਮੋਦੀ ਹਟਾਉ ਦੇਸ਼ ਬਚਾਉ। ਜਿਹੜਾ ਡਰਦਾ ਹੈ ਉਸ ਨੂੰ ਨਾਅਰੇ ਨਹੀਂ ਲਗਾਉਣੇ ਚਾਹੀਦੇ। ਮੋਦੀ ਜੀ, ਸਾਡੇ ਸਾਰਿਆਂ 'ਤੇ ਮੁਕੱਦਮਾ ਦਰਜ ਕਰੋ। 'ਆਪ' ਆਗੂ ਅਤੇ ਦਿੱਲੀ ਦੇ ਵਾਤਾਵਰਨ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ 30 ਤਰੀਕ ਨੂੰ ਪੂਰੇ ਦੇਸ਼ ਵਿੱਚ 'ਮੋਦੀ ਹਟਾਉ, ਦੇਸ਼ ਬਚਾਉ'ਦੇ ਪੋਸਟਰ ਲਾਏ ਜਾਣਗੇ, ਦੇਖਦੇ ਹਾਂ ਕਿ ਤੁਸੀਂ ਕਿੰਨੀਆਂ ਐਫਆਈਆਰ ਦਰਜ ਕਰਦੇ ਹੋ ? ਗੋਪਾਲ ਰਾਏ ਨੇ ਕਿਹਾ ਕਿ ਅੱਜ ਪੂਰਾ ਦੇਸ਼ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਨੂੰ ਯਾਦ ਕਰ ਰਿਹਾ ਹੈ। ਜਦੋਂ ਦੇਸ਼ 'ਤੇ ਅੰਗਰੇਜ਼ਾਂ ਦਾ ਰਾਜ ਸੀ ਤਾਂ ਭਗਤ ਸਿੰਘ ਨੇ ਆਜ਼ਾਦੀ ਲਈ ਅਸੈਂਬਲੀ 'ਚ ਬੰਬ ਸੁੱਟਿਆ ਪਰ ਭੱਜਿਆ ਨਹੀਂ। ਤਿੰਨਾਂ ਸ਼ਹੀਦਾਂ ਨੂੰ 24 ਮਾਰਚ ਨੂੰ ਫਾਂਸੀ ਦੇਣ ਦਾ ਹੁਕਮ ਦਿੱਤਾ ਗਿਆ ਸੀ, ਪਰ ਉਨ੍ਹਾਂ ਨੂੰ ਇਕ ਰਾਤ ਪਹਿਲਾਂ ਹੀ ਫਾਂਸੀ ਦੇ ਦਿੱਤੀ ਗਈ। ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦਾ ਸੁਪਨਾ ਸੀ ਕਿ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ, ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਮਿਲੇਗਾ। ਰਾਏ ਨੇ ਕਿਹਾ ਕਿ ਜਦੋਂ ਦਿੱਲੀ ਵਿੱਚ 'ਮੋਦੀ ਹਟਾਉ, ਦੇਸ਼ ਬਚਾਉ'ਦੇ ਪੋਸਟਰ ਲਾਏ ਗਏ ਤਾਂ ਉਹ ਡਰ ਗਏ। ਮੈਨੂੰ ਇਤਿਹਾਸ ਵਿੱਚ ਦਿਲਚਸਪੀ ਹੈ। ਜਦੋਂ ਇਤਿਹਾਸ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਅੰਗਰੇਜ਼ਾਂ ਦੇ ਸਮੇਂ ਵੀ ਪੋਸਟਰਾਂ ਲਈ 126 ਐਫਆਈਆਰ ਮੋਦੀ ਜੀ, ਇੱਥੇ ਹਜ਼ਾਰਾਂ ਲੋਕ ਮੋਦੀ ਹਟਾਉ, ਦੇਸ਼ ਬਚਾਉ ਦੇ ਨਾਅਰੇ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ 30 ਤਰੀਕ ਨੂੰ ਦੇਸ਼ ਭਰ 'ਚ ਵੱਡਾ ਪ੍ਰੋਗਰਾਮ ਹੋਵੇਗਾ।





# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


# ਬਿਹਾਰ ਦੇ ਮੁੱਖ ਮੰਤਰੀ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ



ਸੂਰਤ-ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਦੇ ਦੋਸ਼ 'ਚ ਗੁਜਰਾਤ ਦੇ ਸੂਰਤ ਸ਼ਹਿਰ ਦੇ ਇਕ ਕੱਪੜਾ ਕਰਮਚਾਰੀ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਸੂਰਤ ਕ੍ਰਾਈਮ ਬ੍ਰਾਂਚ ਦੇ ਇਸਪੈਕਟਰ ਲਲਿਤ ਵਗੜੀਆ ਨੇ ਦੱਸਿਆ ਕਿ ਬਿਹਾਰ ਦੇ ਮੂਲ ਨਿਵਾਸੀ ਅੰਕਿਤ ਮਿਸ਼ਰਾ ਨੂੰ ਸ਼ਹਿਰ ਦੇ ਲਸਕਾਨਾ ਖੇਤਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਗਲੇਰੀ ਜਾਂਚ ਲਈ ਬਿਹਾਰ ਪੁਲਸ ਨੂੰ ਸੌਂਪ ਦਿੱਤਾ ਗਿਆ ਸੀ। ਦਰਅਸਲ 20 ਮਾਰਚ ਨੂੰ ਇੱਕ ਵਿਅਕਤੀ ਨੇ ਪਟਨਾ ਵਿੱਚ ਇੱਕ ਨਿਊਜ਼ ਚੈਨਲ ਦੇ ਦਫ਼ਤਰ ਵਿੱਚ ਫੋਨ ਕਰਕੇ ਦਾਅਵਾ ਕੀਤਾ ਸੀ ਕਿ ਉਹ ਅਗਲੇ 36 ਘੰਟਿਆਂ ਵਿੱਚ ਸੀਐਮ ਨਿਤੀਸ਼ ਕੁਮਾਰ ਨੂੰ ਬੰਬ ਨਾਲ ਉਡਾ ਦੇਵੇਗਾ।ਵਗੜੀਆ ਨੇ ਦੱਸਿਆ ਕਿ ਬਿਹਾਰ ਦੀ ਰਾਜਧਾਨੀ ਪਟਨਾ ਦੇ ਸਕੱਤਰੇਤ ਪੁਲਿਸ ਸਟੇਸ਼ਨ 'ਚ ਇਸ ਸਬੰਧ 'ਚ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਅਧਿਕਾਰੀ ਨੇ ਕਿਹਾ, 'ਬਿਹਾਰ ਪੁਲਿਸ ਦੁਆਰਾ ਤਕਨੀਕੀ ਨਿਗਰਾਨੀ ਤੋਂ ਪਤਾ ਲੱਗਾ ਕਿ ਕਾਲ ਸੂਰਤ ਤੋਂ ਕੀਤੀ ਗਈ ਸੀ, ਜਿਸ ਤੋਂ ਬਾਅਦ ਬਿਹਾਰ ਪੁਲਿਸ ਨੇ ਮੁਲਜ਼ਮ ਨੂੰ ਫੜਨ ਲਈ ਸੂਰਤ ਪੁਲਿਸ ਦੀ ਮਦਦ ਮੰਗੀ। ਅਸੀਂ ਆਖਰਕਾਰ ਕਾਲਰ ਦਾ ਪਤਾ ਲਗਾਉਣ ਵਿੱਚ ਕਾਮਯਾਬ ਹੋ ਗਏ, ਜਿਸਦੀ ਪਛਾਣ ਅੰਕਿਤ ਮਿਸ਼ਰਾ ਵਜੋਂ ਹੋਈ ਹੈ। ਉਸ ਨੂੰ ਪਟਨਾ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਮੁੱਖ ਮੰਤਰੀ ਨੇ 6 ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਯੂਥ ਐਵਾਰਡ ਨਾਲ ਸਨਮਾਨਿਆ

ਹੁਸੈਨੀਵਾਲਾ-ਨੌਜਵਾਨਾਂ ਨੂੰ ਸਮਾਜ ਦੀ ਨਿਰਸਵਾਰਥ ਸੇਵਾ ਲਈ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇਕ ਮਿਸਾਲੀ ਪਹਿਲਕਦਮੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਛੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਯੂਥ ਐਵਾਰਡ ਪ੍ਰਦਾਨ ਕੀਤੇ। ਮੁੱਖ ਮੰਤਰੀ ਨੇ ਨਵਜੋਤ ਕੌਰ (ਬਰਨਾਲਾ), ਮਨੋਜ ਕੁਮਾਰ (ਮਾਨਸਾ), ਬੇਅੰਤ ਕੌਰ (ਬਠਿੰਡਾ), ਓਮਕਾਰ ਮੋਹਨ ਸਿੰਘ (ਰੂਪਨਗਰ), ਗੁਰਜੋਤ ਸਿੰਘ ਕਲੇਰ (ਮੋਹਾਲੀ) ਅਤੇ ਸੁਖਦੀਪ ਕੌਰ (ਬਠਿੰਡਾ) ਸਣੇ ਛੇ ਨੌਜਵਾਨਾਂ ਨੂੰ ਇਹ ਐਵਾਰਡ ਦਿੱਤਾ। ਇਨ੍ਹਾਂ ਨੌਜਵਾਨਾਂ ਦੀ ਸ਼ਲਾਘਾ ਕਰਦਿਆਂ ਭਗਵੰਤ ਮਾਨ ਨੇ ਉਮੀਦ ਜਤਾਈ ਕਿ ਇਹ ਨੌਜਵਾਨ ਸਮਾਜ ਦੀ ਭਲਾਈ ਲਈ ਅਗਾਂਹ ਵੀ ਉਸਾਰੂ ਭੂਮਿਕਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਐਵਾਰਡਾਂ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਉਤੇ ਰੱਖਿਆ ਗਿਆ ਹੈ, ਜਿਨ੍ਹਾਂ ਦਾ ਦੇਸ਼ ਲਈ ਦਿੱਤਾ ਮਹਾਨ ਬਲੀਦਾਨ ਹਮੇਸ਼ਾ ਨੌਜਵਾਨਾਂ ਨੂੰ ਪ੍ਰੇਰਦਾ ਰਹੇਗਾ।


ਸਪੈਸ਼ਲ ਸੈਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1865 ਪਿੰਡੀ ਭੱਟੀਆਂ, ਸਾਹੀਵਾਲ ਤੇ ਈਸਾ ਖੇਲ ਉੱਤੇ, ਮਹਾਂ ਸਿੰਘ ਨੇ ਧਾਵਾ ਬੋਲਿਆ ਜੇ।
ਪੈਂਦੀ ਸੱਟੇ ਕੋਟਲੀ ਸਿਆਲਕੋਟ, ਬਾਹੂ ਬਲ ਦੇ ਨਾਲ ਜਾ ਖੋਹ ਲਿਆ ਜੇ।
ਹੱਥ ਪੈਸਾ, ਹਥਿਆਰ ਸੀ ਬਹੁਤ ਲੱਗੇ, ਜੰਮੂ ਬ੍ਰਿਜ ਰਾਜ ਜਾ ਟੋਲਿਆ ਜੇ।
ਚੜ੍ਹਤ ਸਿੰਘ ਨੇ ਦਿੱਤਾ ਸੀ ਰਾਜ ਲੈ ਕੇ, ਹਰਚੰਦ ਸਿੰਘਾ ਲੋਟ ਨਾ ਬੋਲਿਆ ਜੇ॥
1866 ਮਹਾਂ ਸਿੰਘ ਨੂੰ ਲਾਲੀਆਂ ਚੜ੍ਹ ਗਈਆਂ, ਘੇਰਾ ਉਸ ਜੰਮੂ ਨੂੰ ਪਾਇਆ ਏ।
ਬ੍ਰਿਜ ਰਾਜ ਨੇ ਨਮਕ ਹਰਾਮ ਕੀਤਾ, ਪਿਤਾ ਉਸ ਲਈ ਸ਼ਹੀਦ ਕਰਾਇਆ ਏ।
ਜੰਮੂ ਛੱਡ ਪਹਾੜੀਂ ਜਾ ਚੜ੍ਹਿਆ, 'ਤ੍ਰਿਕੋਟਾ ਦੇਵੀ' ਜਾ ਸਿਰ ਛੁਪਾਇਆ ਏ।
ਹਰਚੰਦ ਸਿੰਘਾ ਸ਼ੁਕਰੀਆ ਕਰਨ ਲਈ ਸਰਦਾਰ ਚੱਲ ਅੰਮ੍ਰਿਤਸਰ ਆਇਆ ਏ॥
1867 ਦੀਪ-ਮਾਲਾ ਦਿਵਾਹੀ ਦੀ ਦੇਖਣੇ ਨੂੰ, ਇਕੱਠੇ ਇੱਥੇ ਸੀ ਬਹੁਤ ਸਰਦਾਰ ਹੋਏ।
ਜੱਸਾ ਸਿੰਘ ਸਰਦਾਰ ਜੋ ਰਾਮਗੜ੍ਹੀਆ, ਮਹਾਂ ਸਿੰਘ ਨਾਲ ਬੈਠ ਵਿਚਾਰ ਹੋਏ।
ਜੈ ਸਿੰਘ 'ਘਨੱਈਆ ਮਿਸਲ' ਵਾਲੇ, ਮੇਰੇ ਇਲਾਕੇ ਤੇ ਕਬਜਾਦਾਰ ਹੋਏ।
ਸੁਲਹਾ ਦੋਹਾਂ ਦੀ ਕਰਾਉਣ ਹਰਚੰਦ ਸਿੰਘਾ, ਮਹਾਂ ਸਿੰਘ ਸੀ ਝੱਟ ਤਿਆਰ ਹੋਏ॥
1868 ਮਹਾਂ ਸਿੰਘ ਇਰਾਦਾ ਨੇਕ ਲੈ ਕੇ, ਸਣੇ ਫੌਜ ਬਟਾਲੇ ਆਇਆ ਏ।
ਜੈ ਸਿੰਘ ਦੇ ਕਿਸੇ ਨੇ ਕੰਨ ਭਰੇ, ਸਿੱਧੇ ਮੂੰਹ ਨਾ ਉਸ ਬੁਲਾਇਆ ਏ।
ਗੱਲ ਵਿਗੜੀ ਬੋਲ-ਕੁਬੋਲ ਹੋਏ, ਹੱਥ ਉਸ ਤਲਵਾਰ ਨੂੰ ਪਾਇਆ ਏ।
ਬਟਾਲੇ ਪਾਸ ਭਿੜੇ ਹਰਚੰਦ ਸਿੰਘਾ, ਜੈ ਸਿੰਘ ਨੇ ਪੁੱਤ ਮਰਵਾਇਆ ਏ॥
1869 ਪੁੱਤ ਮਰੇ ਦਾ ਉਸਨੂੰ ਦੁੱਖ ਭਾਰੀ, ਜੈ ਸਿੰਘ ਨੇ ਮੁੜ ਕੇ ਵਾਰ ਕੀਤਾ।
ਨੁਸਹਿਰੇ ਲਾਗੇ ਝਪਟਿਆ ਫਿਰ ਆ ਕੇ, ਪਿੱਛਾ ਉਸ ਨੇ ਮੁੜ ਲਲਕਾਰ ਕੀਤਾ।
ਸਿੰਘਾਂ-ਸਿੰਘਾਂ ਦੇ ਆਹੂ ਲਾਹ ਸੁੱਟੇ, ਜੈ ਸਿੰਘ ਮੈਦਾਨੇ ਪਾਰ ਕੀਤਾ।
ਮਿੱਟੀ, ਲਈ ਜਵਾਨੀਆਂ ਰੋਲ ਲਈਆਂ, ਹਰਚੰਦ ਸਿੰਘਾ ਨਾ ਸੋਚ-ਵਿਚਾਰ ਕੀਤਾ॥
1870 'ਸਦਾ ਕੌਰ' ਸੀ ਨੂੰਹ ਘਨੱਈਆ ਦੀ, ਬੜੀ ਨਿਡਰ ਤੇ ਸਮਝਦਾਰ ਹੈ ਸੀ।
ਗੁਰਬਖ਼ਸ਼ ਸਿੰਘ ਦੀ ਮੌਤ ਨੇ ਕਰੀ ਵਿਧਵਾ, ਫੜੀ ਉਸਨੇ ਹੱਥ ਕਟਾਰ ਹੈ ਸੀ।
ਵਾਰ ਕਰਨਾ, ਓਟ ਨਾ ਸਿੱਖਿਆ ਸੀ, ਮਰਦਾਂ ਜਿਹੀ ਬਲਵਾਨ ਉਹ ਨਾਰ ਹੈ ਸੀ।
ਮਹਾਂ ਸਿੰਘ ਦੀ ਸ਼ਕਤੀ ਦੇਖ ਉਸਨੇ, ਹਰਚੰਦ ਸਿੰਘਾ ਕੀਤੀ ਵਿਚਾਰ ਹੈ ਸੀ॥
1871 ਜਵਾਨ ਉਮਰੇ ਗਏ ਗੁਆਚ ਹਾਸੇ, ਮਰਦ ਬਿਨਾਂ ਕੀ ਬਣਦਾ ਨਾਰ ਦਾ ਏ।
ਇੱਕੋ ਬੱਚੀ ਉਸਦੀ ਗੋਦ ਹਾਲੇ, ਅੰਤ ਹੋ ਗਿਆ ਹਾਰ-ਸ਼ਿੰਗਾਰ ਦਾ ਏ।
ਚਾਰੇ ਪਾਸੇ ਦਿਸੇ ਨਾ ਮਿੱਤ ਕੋਈ, ਬੋਝ ਪੈ ਗਿਆ ਗਲ ਪਰਿਵਾਰ ਦਾ ਏ।
ਚੁੰਨੀ ਲਾਹ ਕੇ ਸਿਰ ਤੇ ਪੱਗ ਰੱਖੀ, ਲਿਆ ਆਸਰਾ ਸਤਿ ਕਰਤਾਰ ਦਾ ਏ॥
1872 ਜੀਵਨ ਵਿੱਚੋਂ ਮੁੱਕਗੇ ਰੰਗ ਸਾਰੇ, ਸਫੈਦ ਬਸਤਰ ਸੀ ਅੰਗ ਸਜਾਉਣ ਲੱਗੀ।
ਨੀਵਾਂ ਕੁੜਤਾ ਗੋਡਿਆਂ ਤੀਕ ਆਏ, ਉਸ ਨਾਲ ਪਜਾਮੀ ਪਾਉਣ ਲੱਗੀ।
ਸ੍ਰੀ ਸਾਹਿਬ ਦਾ ਕਰੇ ਸ਼ਿੰਗਾਰ ਬੀਬੀ, ਜੁੱਤਾ ਜਰੀ ਦਾ ਪੈਰੀਂ ਹੰਢਾਉਣ ਲੱਗੀ।
ਚਿੱਟੀ ਘੋੜੀ ਤੇ ਚੜ੍ਹ ਹਰਚੰਦ ਸਿੰਘਾ, ਗੇੜਾ ਮਿਸਲ ਦਾ ਉਹ ਲਗਾਉਣ ਲੱਗੀ॥
1873 ਪਰ੍ਹਾਂ ਕਰਕੇ ਵੈਰ-ਵਿਰੋਧ ਸਾਰੇ, ਸਦਾ ਕੌਰ ਨੇ ਮਿਸਲਾਂ ਜੋੜੀਆਂ ਨੇ।
ਸਤਾਰਾਂ ਸੌ ਪਚਾਸੀ (1785) ਸਾਲ ਚੱਲੇ, ਘਰੋਂ ਭੱਜੀਆਂ ਖ਼ੁਸ਼ੀਆਂ ਮੋੜੀਆਂ ਨੇ।
ਬੇਟੀ ਮਹਿਤਾਬ ਦਾ ਰਣਜੀਤ ਨੂੰ ਕਰ ਰਿਸ਼ਤਾ, ਸੁੱਖਾਂ ਸਤਿ ਕਰਤਾਰ ਤੋਂ ਲੋੜੀਆਂ ਨੇ।
ਸ਼ੁਕਰਚੱਕੀਏ ਤੇ ਘਨੱਈਏ ਦਾ ਮੇਲ ਹੋਇਆ, ਹਰਚੰਦ ਸਿੰਘਾ ਗਾਉਂਦੇ ਘੋੜੀਆਂ ਨੇ॥

## ਸ: ਮਹਾਂ ਸਿੰਘ ਦੀ ਗੁਜਰਾਤ ਤੇ ਚੜ੍ਹਾਈ ਅਤੇ ਬਿਮਾਰ ਹੋਣਾ

1874 ਸਾਹਿਬ ਸਿੰਘ ਭੰਗੀ ਅਤੇ ਸਾਥੀਆਂ ਨੇ 'ਹੱਕ-ਰਾਖੀ' ਨਾ ਸਮੇਂ ਸਿਰ ਘੱਲਿਆ ਜੀ।
ਸਤਾਰਾਂ ਸੌ ਇਕਾਨਵੇਂ (1791) ਮਹਾਂ ਸਿੰਘ, ਹਿਸਾਬ ਕਰਨ ਗੁਜਰਾਤ ਨੂੰ ਚੱਲਿਆ ਜੀ।
ਕਿਲ੍ਹੇ ਸੋਧਰਾਂ ਵਿੱਚ ਉਹ ਵੜ ਬੈਠੇ, ਵਾਰ ਸਰਦਾਰ ਦਾ ਮੂਲ ਨਾ ਝੱਲਿਆ ਜੀ।
ਪੇਚਸ ਰੋਗ ਨੇ ਜਕੜਿਆ ਮਹਾਂ ਸਿੰਘ, ਹਰਚੰਦ ਸਿੰਘਾ ਮੰਜਾ ਮੱਲਿਆ ਜੀ॥
1875 ਰਣਜੀਤ ਸਿੰਘ ਨੂੰ ਸੌਂਪ ਮੁਹਿਮ ਸਾਰੀ, ਗੁੱਜਰਾਂ ਵਾਲੇ ਮਹਾਂ ਸਿੰਘ ਆਇਆ ਏ।
ਦਸਤਾਰ-ਬੰਦੀ ਦੀ ਮਰਯਾਦਾ ਕਰ ਪੂਰੀ, ਰਣਜੀਤ ਸਿੰਘ ਨੂੰ ਮੁਖੀ ਬਣਾਇਆ ਏ।
ਤਹਿਤ ਕਰਮ ਸਿੰਘ ਤੇ ਜੋਧ ਸਿੰਘ ਦੇ, ਦਸਤਾ ਭੰਗੀਆਂ ਭਾਰੀ ਭਜਵਾਇਆ ਏ।
ਕੋਟ ਮਹਾਰਾਜ ਦੇ ਨੇੜਲੇ ਜੰਗਲਾਂ 'ਚ, ਰਣਜੀਤ ਸਿੰਘ ਨੇ ਮਾਰ ਭਜਾਇਆ ਏ॥
1876 ਕਈ ਤੋਪਾਂ, ਜੰਬੂਰਕੇ ਕਰ ਕਾਬੂ, ਗੁੱਜਰਾਂਵਾਲੇ ਸਨ ਪਹੁੰਚਾ ਦਿੱਤੇ।
ਮਹਾਂ ਸਿੰਘ ਪ੍ਰਸੰਨ ਸੀ ਬਹੁਤ ਹੋਇਆ, ਰਣਜੀਤ ਸਿੰਘ ਨੇ ਪੂਰਨੇ ਪਾ ਦਿੱਤੇ।
ਬਾਰਾਂ ਸਾਲ ਤੋਂ ਘੱਟ ਸੀ ਉਮਰ ਹਾਲੇ, ਤੇਗਾਂ ਮਾਰ ਕੇ ਮੂੰਹ ਭੁਆ ਦਿੱਤੇ।
ਭੈੜੇ ਰੋਗ ਨੇ ਝੱਟ ਹਰਚੰਦ ਸਿੰਘਾ, ਮਹਾਂ ਸਿੰਘ ਦੇ ਸਾਹ ਮੁਕਾਅ ਦਿੱਤੇ॥
1877 ਸਤਾਰਾਂ ਸੌ ਪੈਂਹਟ (1765) ਨੂੰ ਜਨਮ ਲੈ ਕੇ, ਮਾਰਚ ਸਤਾਰਾਂ ਸੌ ਬੰਨਵੇਂ (1792) ਮੁੱਕਿਆ ਏ।
27 ਸਾਲ ਦੀ ਭੋਗ ਕੇ ਉਮਰ ਥੋਹੜੀ, ਤਾਰਾ ਵਿੱਚ ਅਸਮਾਨ ਦੇ ਛੁਪਿਆ ਏ।
ਪਿਉ-ਪੁੱਤ ਦਾ ਮੁੜਨਾ ਮੇਲ ਹੋਇਆ, ਭਾਣਾ ਕਦੇ ਨਾ ਕਿਸੇ ਤੋਂ ਰੁਕਿਆ ਏ।
ਰਣਜੀਤ ਸਿੰਘ ਨੇ ਆ ਸਸਕਾਰ ਕੀਤਾ, ਹਰਚੰਦ ਸਿੰਘਾ ਨੀਰ ਨਾ ਸੁੱਕਿਆ ਏ॥

## ਸ: ਰਣਜੀਤ ਸਿੰਘ ਦੀ ਸ਼ਾਦੀ

1878 ਰਣਜੀਤ ਸਿੰਘ ਬਾਰਾਂ ਕੁ ਸਾਲ ਦਾ ਸੀ, ਗਲ ਪੈ ਗਈਆਂ ਜ਼ਿੰਮੇਵਾਰੀਆਂ ਨੇ।
ਛਾਂ ਪਿਤਾ ਦੀ ਰਹੀ ਨਾ ਸਿਰ ਉੱਤੇ, ਜਿੱਚ ਕੀਤਾ ਲੋੜਾਂ-ਲਚਾਰੀਆਂ ਨੇ।
ਪੈਰ ਪੈਰ ਤੇ ਦੁਸ਼ਮਣਾਂ ਰਾਹ ਮੱਲੇ, ਹਰ ਮੋੜ ਤੇ ਤੇਗਾਂ-ਕਟਾਰੀਆਂ ਨੇ।
ਸਦਾ ਕੌਰ ਨੇ ਦਿੱਤੀ ਸੇਧ ਐਸੀ, ਹਰਚੰਦ ਸਿੰਘਾ ਹੋਈਆਂ ਨਾ ਹਾਰੀਆਂ ਨੇ॥
1879 16 ਸਾਲ ਦਾ ਜਦ ਰਣਜੀਤ ਹੋਇਆ, ਦਾੜ੍ਹੀ ਉਤਰੀ ਫੱਬੇ ਸਰਦਾਰ ਸੋਹਣਾ।
ਚਿਹਰਾ ਦਮਕਦਾ ਲਾਲੀਆਂ ਚੋਂਦੀਆਂ ਨੇ, ਧਨੀ ਤੇਗ ਦਾ ਘੋੜ-ਅਸਵਾਰ ਸੋਹਣਾ।
ਖੇਡੇ ਗੱਤਕਾ ਨੇਜ਼ੇ ਬਰਛੀਆਂ ਦਾ, ਸਾਰੇ ਪਾਸਿਓਂ ਰੋਕਦਾ ਵਾਰ ਸੋਹਣਾ।
ਹਰਚੰਦ ਸਿੰਘਾ ਰਣਜੀਤ ਜਵਾਨ ਹੋਇਆ, ਰਹੇ ਜੰਗ ਲਈ ਸਦਾ ਤਿਆਰ ਸੋਹਣਾ॥
1880 ਰਣਜੀਤ ਸਿੰਘ ਨੂੰ ਸੋਲਵਾਂ ਸਾਲ ਚੜ੍ਹਿਆ, ਸਦਾ ਕੌਰ ਨੇ ਪੰਡਿਤ ਬੁਲਾਇਆ ਏ।
ਮਹਿਤਾਬ ਕੌਰ ਦੇ ਨਾਲ ਰਣਜੀਤ ਸਿੰਘ ਦਾ, ਨਾਲ ਚਾਵਾਂ ਦੇ ਵਿਆਹ ਰਚਾਇਆ ਏ।
ਸਿਹਰੇ ਬੰਨ੍ਹ ਬਟਾਲੇ ਢੁੱਕਿਆ ਏ, ਲਸ਼ਕਰ ਆਪਣਾ ਨਾਲ ਲਿਆਇਆ ਏ।
ਕਰੀ ਰੌਸ਼ਨੀ ਸ਼ਹਿਰ ਵਾਸੀਆਂ ਨੇ, ਨੂਰ ਸ਼ਹਿਰ ਦੇ ਉੱਤੇ ਆਇਆ ਏ॥
1881 ਲਾਵਾਂ ਹੋਈਆਂ ਗੁਰਾਂ ਦੇ ਬਹਿ ਚਰਨੀਂ, ਇੱਕ ਦੂਜੇ ਨੂੰ ਦੋਵੇਂ ਪਰਵਾਨ ਹੋਏ।
ਪਿਤਾ ਦੋਹਾਂ ਦੇ ਕੋਲ ਨਾ ਹੋਣ ਕਰਕੇ, ਲਾੜ੍ਹਾ-ਲਾੜ੍ਹੀ ਬਹੁ ਪ੍ਰੇਸ਼ਾਨ ਹੋਏ।
ਸਦਾ ਕੌਰ ਖ਼ਜ਼ਾਨੇ ਖੋਲ੍ਹ ਦਿੱਤੇ, ਦਿਲ ਖੋਲ੍ਹ ਕੇ ਮਾਨ-ਸਨਮਾਨ ਹੋਏ।
ਹਰਚੰਦ ਸਿੰਘਾ ਛੱਡੀ ਨਾ ਕਸਰ ਕੋਈ, ਖੁਸ਼ ਬੱਚੇ, ਬਿਰਧ, ਜਵਾਨ ਹੋਏ॥
1882 ਮਾਵਾਂ ਵਾਲੇ ਕੀਤੇ ਸ਼ਗਨ ਸਾਰੇ, ਰਣਜੀਤ ਸਿੰਘ ਨੂੰ ਕੋਲ ਬਹਾ ਕੇ ਜੀ।
ਸਦਾ ਕੌਰ ਨੇ ਰੱਜ ਦੀਦਾਰ ਕੀਤਾ, ਮੱਥਾ ਚੁੰਮਿਆ ਹਿੱਕੜੀ ਲਾ ਕੇ ਜੀ।
ਲੱਡੂ ਚੂਰਿਆ ਮੁੱਖ ਸੀ ਸੱਤ ਵਾਰੀ, ਦਿੱਤਾ ਦੁੱਧ ਸੀ ਮਿਸ਼ਰੀ ਪਾ ਕੇ ਜੀ।
ਭੈੜੀ ਨਜ਼ਰ ਨਾ ਲੱਗੇ ਹਰਚੰਦ ਸਿੰਘਾ, ਮਿਰਚਾਂ ਵਾਰੀਆਂ ਸਿਰੋਂ ਭੁਆ ਕੇ ਜੀ॥

## ਸਾਲੀਆਂ ਦੀ ਛੇੜ-ਛਾੜ

1883 ਧਨੀ ਤੇਗ ਦਾ ਕਿਲ੍ਹੇ ਨਿਵਾਉਣ ਵਾਲਾ, ਆ ਕੇ ਘੇਰਿਆ ਸੂਰਮਾ ਸਾਲੀਆਂ ਨੇ।
ਕਰਨ ਟਿੱਚਰਾਂ ਅਤੇ ਸਵਾਲ ਕੱਬੇ, ਉਹੋ 'ਕੱਲਾ ਪਰ ਉਹ ਵਾਹਲੀਆਂ ਨੇ।
ਲੱਡੂ ਸਾਬਤੇ ਥੁੰਨਦੀਆਂ ਮੂੰਹ ਜੀਜੇ, ਇੱਕ ਦੂਜੀ ਤੋਂ ਹੋਈਆਂ ਕਾਹਲੀਆਂ ਨੇ।
ਅੱਗ ਲਾਈ ਪਸੀਨੇ ਕੁੜਤੀਆਂ ਨੂੰ, ਹਰਚੰਦ ਸਿੰਘਾ ਚੋਂਦੀਆਂ ਲਾਲੀਆਂ ਨੇ॥
1884 ਕਹਿਣ ਕੁੜੀਆਂ, ਜੀਜਾ ਸਾਲੀਆਂ ਨੂੰ, ਇੱਕੋ ਅੱਖ ਦੇ ਨਾਲ ਹੈ ਵੇਖਦਾ ਨੀ।
ਗੁੱਜਰਾਂ ਵਾਲੇ ਦਾ ਗੁੱਜਰ ਕੋਈ ਆਣ ਢੁੱਕਾ, ਦੁੱਧ-ਘਿਉ ਬਜ਼ਾਰੀਂ ਵੇਚਦਾ ਨੀ।
ਖੱਖਰ-ਖਾਂਦਾ ਮੂੰਹ ਤੇ ਦਾਗ ਡੂੰਘੇ, ਕਿਸ ਸਾਕ ਕਰਾਇਆ ਏਸਦਾ ਨੀ।
ਇਹ ਤੇ ਹੈ ਨੀ ਮਹਿਤਾਬ ਦੇ ਪੈਰ ਵਰਗਾ, ਤੁੱਕਾ ਲੱਗਿਆ ਹਰਚੰਦ ਸਿੰਘਾ ਦਰਵੇਸ਼ ਦਾ ਨੀ॥

## ਸਾਥੀਆਂ ਨੇ ਰਣਜੀਤ ਸਿੰਘ ਨੂੰ ਚੋਟ ਲਾਉਣੀ

1885 ਗੱਲਾਂ ਸੁਣ ਕੇ ਸਾਥੀਆਂ ਚੋਟ ਮਾਰੀ, ਤੂੰ ਵੀ ਜੀਤਿਆ ਕੁੱਝ ਤੇ ਬੋਲ ਸ਼ੇਰਾ।
ਕੈਂਚੀ ਵਾਂਗ ਚਲਾਉਂਦੀਆਂ ਜੀਭ ਕੁੜੀਆਂ, ਮੂੰਹ ਆਪਣਾ ਤੂੰ ਵੀ ਖੋਲ੍ਹ ਸ਼ੇਰਾ।
ਕਿਹੜੀ ਗੱਲੋਂ ਤੂੰ ਚੁੱਪਾਂ ਧਾਰੀਆਂ ਨੇ, ਤੇਰੇ ਹਾਣੀ ਤੇਰੇ ਨੇ ਕੋਲ ਸ਼ੇਰਾ।
ਗੋਲਾ ਦਾਗ ਤੂੰ ਕੋਈ ਹਰਚੰਦ ਸਿੰਘਾ, ਬੰਦ ਕਰਦੇ ਸਭ ਮਖੌਲ ਸ਼ੇਰਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

Bank Turndown?
Could be just
what you need!

Quick
Private
Funds

- $10,000 to $1 Million in just 24 Hours
- Up to $5 Million Available



Call today to get started

SANJEEV KATYAL
604.767.5194
Info@katyalmortgage.ca

invis
Canada's Mortgage Experts™

WWW.KATYALMORTGAGE.CA



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟਿਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ ਈਮੇਲ ਕਰੋ- happy9284@yahoo.com

***************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੋਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, ਭਫੀਠ ਤੋਂ 2 ਓਅਸ਼ ੀਠ ਧੀਫਲੋਂਮੌ ਲਦਦਰ, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੂਦਚਣਟ ਫਹੋਟੋ ਅਨਦ ਬਿਦਓਟਅ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟਿਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ। Contact: 604-897-1298,

Whatsapp Number: 99-156-52029

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, Orphan ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਰਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੌਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ ਐਮੀ ਵਿਰਕ ਦੀ ਨਵੀਂ ਫ਼ਿਲਮ 'ਅੰਨ੍ਹੀ ਦਿਆ ਮਜ਼ਾਕ ਏ'



"ਅੰਨ੍ਹੀ ਦਿਆ ਮਜ਼ਾਕ ਏ" ਪੰਜਾਬੀ ਇੰਡਸਟਰੀ ਵਿੱਚ ਮਸ਼ਹੂਰ ਅਤੇ ਵਿਆਪਕ ਤੌਰ 'ਤੇ ਵਰਤਿਆ ਜਾਣ ਵਾਲਾ ਡਾਇਲੌਗ ਹੈ ਅਤੇ ਇੱਥੋਂ ਤੱਕ ਕਿ ਅਸੀਂ ਇਸ ਨੂੰ ਮੀਮਜ਼ ਰਾਹੀਂ ਸੋਸ਼ਲ ਮੀਡੀਆ 'ਤੇ ਟ੍ਰੈਂਡ ਕਰਦੇ ਦੇਖਿਆ ਹੈ। ਪੰਜ ਪਾਣੀ ਫ਼ਿਲਮਜ਼ ਅਤੇ ਰਿਦਮ ਬੁਆਏਜ਼ ਐਂਟਰਟੇਨਮੈਂਟ ਮਿਲ ਕੇ "ਅੰਨ੍ਹੀ ਦਿਆ ਮਜ਼ਾਕ ਏ" ਨਾਮ ਦੀ ਫ਼ਿਲਮ ਲੈ ਕੇ ਆ ਰਹੇ ਹਨ ਜੋ ਦਰਸ਼ਕਾਂ ਨੂੰ ਹਸਾ-ਹਸਾ ਕੇ ਢਿਡੀਂ ਪੀੜਾਂ ਪਾ ਦੇਵੇਗੀ। ਹੁਣ, ਦਰਸ਼ਕ ਕਹਾਣੀ ਨਾਲ ਸੰਵਾਦ ਦੇ ਸਬੰਧ ਨੂੰ ਅਸਲ ਵਿੱਚ ਦੇਖਣ ਲਈ ਟ੍ਰੇਲਰ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਗਾਇਕ ਐਮੀ ਵਿਰਕ ਨੇ ਸੋਸ਼ਲ ਮੀਡੀਆ ਹੈਂਡਲ ਤੇ ਫ਼ਿਲਮ ਦਾ ਪੋਸਟਰ ਸ਼ੇਅਰ ਕਰਦੇ ਹੋਏ ਰਿਲੀਜ਼ ਡੇਟ ਦਾ ਐਲਾਨ ਕੀਤਾ। ਇਸ ਦੇ ਨਾਲ ਐਮੀ ਨੇ ਕੈਪਸ਼ਨ ਵਿੱਚ ਲਿਖਿਆ, "ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ, ਮੈਨੂੰ ਆਸ ਹੈ ਸਾਰੇ ਠੀਕ ਠਾਕ ਹੋਵੋਗੇ... ਸੱਜਣੋ ਨਵੀਂ ਫ਼ਿਲਮ 'ਅੰਨ੍ਹੀ ਦਿਆ ਮਜ਼ਾਕ ਏ' 7 ਅਪ੍ਰੈਲ ਨੂੰ ਰਿਲੀਜ਼ ਹੋਵੇਗੀ। ਬਸ ਬਹੁਤ ਜਲਦ ਹੀ ਟ੍ਰੇਲਰ ਤੇ ਗਾਣੇ ਵੀ ਹਾਜ਼ਰ ਕਰਾਂਗੇ... ਵਾਹਿਗੁਰੂ ਮਿਹਰ ਕਰਨ..." ਐਮੀ ਵਿਰਕ ਦੇ ਨਾਲ ਨਾਸਿਰ ਚਿਨਯੋਟੀ ਅਤੇ ਇਫਤਿਖਾਰ ਠਾਕੁਰ ਦੀ ਜੋੜੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ ਅਤੇ ਇਹ ਕਾਮੇਡੀ ਫ਼ਿਲਮ ਬਹੁਤ ਹੀ ਰੋਮਾਂਚਕ ਹੋਵੇਗੀ। ਦੋਵੇਂ ਪਾਕਿਸਤਾਨੀ ਅਭਿਨੇਤਾ ਪਹਿਲਾਂ ਹੀ ਆਪਣੇ ਸੰਪੂਰਣ ਕਾਮੇਡੀ ਟਾਈਮਿੰਗ ਲਈ ਮਸ਼ਹੂਰ ਹਨ ਅਤੇ ਸਾਡਾ ਪੰਜਾਬੀ ਮੁੰਡਾ ਐਮੀ ਵਿਰਕ ਸਿਤਾਰਿਆਂ ਨੂੰ ਜੋੜੇਗਾ ਅਤੇ ਉਨ੍ਹਾਂ ਨਾਲ ਸੰਪੂਰਨ ਤਿਕੜੀ ਬਣਾਏਗਾ। 3 ਹਾਸਿਆਂ ਦੇ ਬਾਦਸ਼ਾਹਾਂ ਦੀ ਕੁਦਰਤੀ ਕਾਮੇਡੀ ਨਿਰਮਾਤਾਵਾਂ ਦੀ ਜੇਤੂ ਕੈਪ ਨੂੰ ਚਾਰ ਚੰਨ ਲਗਾ ਦੇਵੇਗੀ। ਜੇਕਰ ਫ਼ਿਲਮ ਦੀ ਸਟੋਰੀਲਾਈਨ ਦੀ ਗੱਲ ਕਰੀਏ ਤਾਂ ਇਹ ਟ੍ਰੇਲਰ ਤੋਂ ਹੀ ਸਾਫ ਹੋ ਜਾਵੇਗਾ ਪਰ ਜੇਕਰ ਫ਼ਿਲਮ ਦੇ ਟਾਈਟਲ ਨੂੰ ਦੇਖੀਏ ਤਾਂ ਇਹ ਕਾਮੇਡੀ ਦੀ ਸਾਫ ਤਸਵੀਰ ਪੇਸ਼ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਕੁਝ ਮਜ਼ਾਕੀਆ ਸੀਨ ਹੋਣਗੇ ਜਾਂ ਇਹ ਫ਼ਿਲਮ ਵਿੱਚ ਵਿਲੱਖਣ ਚੁਟਕਲੇ, ਨੋਕ-ਝੋਕ, ਮਜ਼ੇਦਾਰ ਮਜ਼ਾਕ ਆਦਿ ਦੇ ਸੀਨ ਹੋਣਗੇ। "ਅੰਨੀ ਦੀ ਮਜ਼ਾਕ ਏ" ਦੇ ਸਸਪੈਂਸ ਨੂੰ ਤੋੜਨ ਲਈ ਸਾਰੇ ਟ੍ਰੇਲਰ ਦਾ ਇੰਤਜ਼ਾਰ ਕਰ ਰਹੇ ਹਨ। ਐਮੀ ਵਿਰਕ ਅਤੇ ਪਰੀ ਪੰਧੇਰ ਮੁੱਖ ਭੂਮਿਕਾ ਵਿੱਚ ਨਜ਼ਰ ਆਉਣਗੇ। ਸਟਾਰ ਕਾਸਟ ਵਿੱਚ ਨਾਸਿਰ ਚਿਨਯੋਟੀ, ਇਫਤਿਖਾਰ ਠਾਕੁਰ, ਨਿਰਮਲ ਰਿਸ਼ੀ, ਹਰਦੀਪ ਗਿੱਲ, ਅਮਰ ਨੂਰੀ, ਦੀਦਾਰ ਗਿੱਲ ਅਤੇ ਗੁਰਦੀਪ ਗਰੇਵਾਲ ਸ਼ਾਮਲ ਹਨ। ਫਿਲਮ ਰਾਕੇਸ਼ ਧਵਨ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਫ਼ਿਲਮ ਦੀ ਰਿਲੀਜ਼ ਡੇਟ 7 ਅਪ੍ਰੈਲ 2023 ਹੈ।




NORTHCOAST LUMBER 1

CALL THE TRUE CONTRACTORS YARD TODAY
604-597-8884

- *5 Acres of Lumber
- *Landscape Materials
- *Treated Lumber
- *Plywood/OSB
- *Versalam/BCI Joist
- *Full Hardware Store
- *12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com




# ਮਾਹਵਾਰੀ ਦੇ ਦਰਦ ਤੋਂ ਰਾਹਤ ਲਈ ਗੁਰ



ਡਾ. ਅੰਜੂਲਾ ਵਰਮਾ

ਔਰਤਾਂ ਨੂੰ ਆਪਣੀ ਮਾਹਵਾਰੀ ਦਾ ਅਨੁਭਵ ਵੱਖੋ-ਵੱਖਰਾ ਹੁੰਦਾ ਹੈ, ਪਰ ਦਰਦਨਾਕ ਜਕੜਨ ਬਹੁਤ ਆਮ ਹੈ। 80 ਤੋਂ 90 ਫ਼ੀਸਦੀ ਔਰਤਾਂ ਦਰਦਨਾਕ ਪੀਰੀਅਡ ਕ੍ਰੈਂਪ ਦੀ ਸ਼ਿਕਾਇਤ ਕਰਦੀਆਂ ਹਨ। ਉਹ ਉਦੋਂ ਹੁੰਦੇ ਹਨ ਜਦੋਂ ਤੁਹਾਡੀ ਬੱਚੇਦਾਨੀ ਦੀਆਂ ਮਾਸਪੇਸ਼ੀਆਂ ਸੁੰਗੜ ਜਾਂਦੀਆਂ ਹਨ। ਇਹ ਮਾਸਪੇਸ਼ੀਆਂ ਦਾ ਸੁੰਗੜਨਾ ਤੁਹਾਡੀ ਬੱਚੇਦਾਨੀ 'ਚ ਆਕਸੀਜਨ ਦੀ ਸਪਲਾਈ ਨੂੰ ਅਸਥਾਈ ਰੂਪ ਨਾਲ ਰੁਕਾਵਟ ਪੈਦਾ ਕਰ ਦਿੰਦਾ ਹੈ, ਜਿਸ ਨਾਲ ਦਰਦ ਪੈਦਾ ਕਰਨ ਵਾਲੇ ਰਸਾਇਣ ਨਿਕਲਦੇ ਹਨ। 'ਪ੍ਰੋਸਟਾਗਲੈਂਡਿੰਸ' ਦਾ ਰਿਸਾਅ ਵੀ ਦਰਦ 'ਚ ਇਕ ਭੂਮਿਕਾ ਨਿਭਾਉਂਦਾ ਹੈ। ਇਹ ਸੋਜ਼, ਸੰਕੁਚਨ ਸ਼ਕਤੀ ਅਤੇ ਖੂਨ ਪ੍ਰਵਾਹ 'ਚ ਸ਼ਾਮਿਲ ਹਾਰਮੋਨ ਹੈ। ਸਰੀਰ ਦੀ ਇਲਾਜ ਪ੍ਰਕਿਰਿਪਆ ਦੇ ਲਈ ਥੋੜ੍ਹ ਚਿਰੀ ਸੋਜ ਜ਼ਰੂਰੀ ਹੈ ਪਰ ਇਹ ਤੁਹਾਡੀ ਮਾਹਵਾਰੀ ਨੂੰ ਬਹੁਤ ਅਸਹਿਜ ਬਣਾ ਸਕਦੀ ਹੈ। ਅਸੀਂ ਜਾਣਦੇ ਹਾਂ ਕਿ ਸਿਹਤਮੰਦ ਜ਼ਿੰਦਗੀ ਦੇ ਲਈ ਸਹੀ ਭੋਜਨ ਕਰਨਾ ਅਹਿਮ ਹੈ। ਕਿਉਂਕਿਅਸੀਂ ਸਾਰੇ ਵਿਲੱਖਣ ਹਾਂ, ਅਸੀਂ ਜਾਣਦੇ ਹਾਂ ਕਿ ਸਾਡਾ ਪੋਸ਼ਣ ਵੀ ਹੋਣਾ ਚਹੀਦਾ ਹੈ। ਆਮ ਤੌਰ 'ਤੇ ਬਹੁਤ ਸਾਰੇ ਫਲ, ਸਬਜ਼ੀਆਂ, ਸਾਬਤ ਅਨਾਜ ਅੇਤ ਚਰਬੀ ਪ੍ਰੋਟੀਨ ਦੇ ਨਾਲ ਇਕ ਸਿਹਤਮੰਦ ਖੁਰਾਕ ਖਾਣ ਨਾਲ ਜਕੜਨ ਘਟਾਉਣ 'ਚ ਮਦਦ ਮਿਲ ਸਕਦੀ ਹੈ। ਇੱਥੇ ਅਸੀਂ ਕੁੱਝ ਖਾਧ ਪਦਾਰਥਾਂ ਅਤੇ ਪੀਣ ਵਾਲੇ ਪਦਾਰਥਾਂ 'ਤੇ ਡੂੰਘਾਈ ਨਾਲ ਨਜ਼ਰ ਮਾਰਾਂਗੇ ਜੋ ਖੋਜੀਆਂ ਨੇ ਸੁਝਾਅ ਦਿੱਤੇ ਹਨ ਕਿ ਉਹ ਪੀਰੀਅਡ ਕੈਂਪਸ ਵਿਚ ਮਦਦ ਕਰਦ ਸਕਦੇ ਹਨ।




### ਅਜਵਾਇਣ

ਪੀਰੀਅਡਸ ਦੌਰਨ ਗੈਸ ਦੀ ਸਮੱਸਿਆ ਵਧ ਜਾਂਦੀ ਹੈ, ਜਿਸ ਨਾਲ ਪੇਟ 'ਚ ਦਰਦ ਹੁੰਦਾ ਹੈ। ਅਜਿਹੇ ਵਿਚ ਅਜਵਾਇਣ ਦੀ ਵਰਤੋਂ ਕਰ ਸਕਦੇ ਹੋ। ਇਸ ਦੇ ਲਈ ਅਜਵਾਇਣ 'ਚ ਨਮਕ ਮਿਲਾ ਕੇ ਕੋਸੇ ਪਾਣੀ ਦੇ ਨਾਲ ਵਰਤੋਂ ਕਰੋ। ਤੁਸੀਂ ਪੀਰੀਅਡਸ ਦਰਦ ਤੋਂ ਰਾਹਤ ਪਾ ਸਕਦੇ ਹੋ।

### ਪਪੀਤਾ

ਪੀਰੀਅਡਸ ਦੇ ਦਰਦ ਦੀ ਪ੍ਰੇਸ਼ਾਨੀ ਨੂੰ ਘੱਟ ਕਰਨ ਲਈ ਪਪੀਤੇ ਦੀ ਵਰਤੋਂ ਕਰਨਾ ਤੁਹਾਡੇ ਲਈ ਹੈਲਦੀ ਹੋ ਸਕਦਾ ਹੈ। ਦਰਅਸਲ, ਪਪੀਤੇ ਦੀ ਵਰਤੋਂ ਕਰਨ ਨਾਲ ਪੀਰੀਅਡਸ 'ਚ ਬਲੱਡ ਫਲੋ ਬਿਹਤਰ ਹੋ ਸਕਦਾ ਹੈ, ਜਿਸ ਨਾਲ ਦਰਦ ਨੂੰ ਘੱਟ ਕਰਨ 'ਚ ਮਦਦ ਮਿਲ ਸਕਦੀ ਹੈ।

### ਦਹੀਂ

ਦਹੀਂ 'ਚ ਭਰਪੂਰ ਮਾਤਰਾ 'ਚ ਕੈਲਸ਼ੀਅਮ ਪਾਇਆ ਜਾਂਦਾ ਹੈ ਜੋ ਪੀਰੀਅਡਸ ਦੌਰਾਨ ਹੋਣ ਵਾਲੀਆਂ ਸਮੱਸਿਆਵਾਂ ਨੂੰ ਕੰਟਰੋਲ ਰੱਖਦਾ ਹੈ। ਮੁੰਬਈ ਦੀ ਮਸ਼ਹੂਰ ਨਿਊਟ੍ਰੀਸ਼ਨਿਸਟ ਪ੍ਰਿਯਾ ਕਥਪਾਲ ਦਾ ਕਹਿਣਾ ਹੈ ਕਿ ਔਰਤਾਂ ਨੂੰ ਕੈਲਸ਼ੀਅਮ ਨਾਲ ਭਰਪੂਰ ਭੋਜਨ ਕਰਨਾ ਚਾਹੀਦਾ ਹੈ ਅਤੇ ਪੀਰੀਅਡਸ ਦੌਰਾਨ ਤਾਂ ਮੁੱਖ ਤੌਰ 'ਤੇ ਕੈਲਸ਼ੀਅਮ ਵਾਲੀਆਂ ਚੀਜ਼ਾਂ ਨੂੰ ਭੋਜਨ 'ਚ ਸ਼ਾਮਿਲ ਕਰਨਾ ਚਾਹੀਦਾ ਹੈ।

### ਹਰੀਆਂ ਪੱਤੇਦਾਰ ਸਬਜ਼ੀਆਂ

ਸਰਦੀਆਂ 'ਚ ਹਰੀਆਂ ਪੱਤੇਦਾਰ ਸਬਜ਼ੀਆਂ ਦੀਵ ਰਤੋਂ ਕਰੋ। ਪੀਰੀਅਡਸ ਦਾ ਦਰਦ ਘੱਟ ਕਰਨ ਲਈ ਆਪਣੀ ਡਾਈਟ 'ਚ ਪਾਲਕ, ਬ੍ਰੋਕਲੀ, ਗੋਭੀ, ਪੱਤਾਗੋਭੀ ਆਦਿ ਦੀ ਵਰਤੋਂ ਕਰੋ। ਇਨ੍ਹਾਂ ਸਬਜ਼ੀਆਂ 'ਚ ਆਈਰਨ, ਕੈਲਸੀਅਮ, ਮੈਗਨੀਸ਼ੀਮ ਦੀ ਭਪਰੂਰ ਮਾਤਰਾ ਹੁੰਦੀ ਹੈ। ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਨ ਨਾਲ ਪੀਰੀਅਡਸ ਦਾ ਦਰਦ ਤਾਂ ਘੱਟ ਹੁੰਦਾ ਹੈ, ਨਾਲ ਹੀ ਥਕਾਵਟ ਘਟਦੀ ਹੈ ਅਤੇ ਮੇਟਾਬਾਲਿਜ਼ਮ ਵੱਧਦਾ ਹੈ।

### ਦਾਲਚੀਨੀ ਦਾ ਦੁੱਧ

ਦਾਲਚੀਨੀ ਦੀ ਵਰਤੋਂ ਕਰਨ ਨਾਲ ਪੀਰੀਅਡਸ ਦੌਰਾਨ ਦਰਦ ਤੋਂ ਛੁਟਕਾਰਾ ਮਿਲਦਾ ਹੈ। ਦਾਲਚੀਨੀ ਦੀ ਤਾਸੀਰ ਗਰਮ ਹੁੰਦੀ ਹੈ। ਇਸ ਦੀ ਵਰਤੋਂ ਕਰਨ ਨਾਲ ਪੇਟ ਦੇ ਹੇਠਲੇ ਹਿੱਸੇ 'ਚ ਹੋਣ ਵਾਲੇ ਦਰਦ ਤੋਂ ਛੁਟਕਾਰਾ ਮਿਲਦਾ ਹੈ।

### ਡਾਰਕ ਚਾਕਲੇਟ

ਡਾਰਕ ਚਾਕਲੇਟ ਦੀ ਇਨ੍ਹੀਂ ਦਿਨਾਂ ਲਈ ਚੰਗਾ ਮੰਨਿਆ ਗਿਆ ਹੈ। ਇਹ ਤੁਹਾਡੇ ਮੂਡ ਸਵੀਂਗ ਨੂੰ ਕੰਟਰੋਲ ਕਰਦਾ ਹੈ ਅਤੇ ਦਰਦ ਤੋਂ ਰਾਹਤ ਦਿੰਦਾ ਹੈ। ਯਾਦ ਰਹੇ ਵ੍ਹਾਈਟ ਚਾਕਲੇਟ ਤੋਂ ਦੂਰੀ ਬਣਾ ਕੇ ਰੱਖੋ, ਕਿਉਂਕਿ ਇਸ 'ਚ ਸ਼ੂਗਰ ਦੀ ਮਾਤਰਾ ਹੋਣ ਦੀ ਵਜ੍ਹਾ ਨਾਲ ਇਹ ਤੁਹਾਡੇ ਦਰਦ 'ਚ ਹੋਰ ਵਾਧਾ ਕਰ ਸਕਦਾ ਹੈ। ਡਾਰਕ ਚਾਕਲੇਟ ਤੁਸੀਂ ਦਰਦ ਦੌਰਾਨ ਖਾ ਸਕਦੇ ਹੋ ਅਤੇ ਤੁਰੰਤ ਫਰਕ ਮਹਿਸੂਸ ਕਰ ਸਕਦੇ ਹੋ।



# ਧਰਮਿੰਦਰ ਦੀ ਸਿਨੇਮਾ ਵਿਚ ਵਾਪਸੀ ਤੋਂ ਬੌਬੀ ਦਿਓਲ ਖੁਸ਼

ਮੁੰਬਈ-ਬੌਲੀਵੁਡ ਸੁਪਰਸਟਾਰ ਧਰਮਿੰਦਰ ਫਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਨਾਲ ਸਿਨੇਮਾ ਵਿਚ ਲੰਬੇ ਸਮੇਂ ਬਾਅਦ ਵਾਪਸੀ ਕਰ ਰਹੇ ਹਨ। ਇਸ ਦਿੱਗਜ਼ ਸਟਾਰ ਦੀ ਵੱਡੇ ਪਰਦੇ 'ਤੇ ਵਾਪਸੀ ਦੀ ਉਡੀਕ ਕਰ ਰਹੇ ਅਦਾਕਾਰ ਬੌਬੀ ਦਿਓਲ ਦਾ ਕਹਿਣਾ ਹੈ ਕਿ ਨੱਬੇ ਨੂੰ ਢੁਕੇ ਵਿਅਕਤੀ ਦਾ ਫਿਲਮਾਂ ਵਿਚ ਜਜ਼ਬੇ ਨਾਲ ਕੰਮ ਕਰਨਾ ਇੱਕ ਬੇਮਿਸਾਲ ਭਾਵਨਾ ਦਾ ਪ੍ਰਤੀਕ ਹੈ। ਧਰਮਿੰਦਰ ਆਖਰੀ ਵਾਰ 2018 ਦੀ ਕਾਮੇਡੀ ਫਿਲਮ 'ਯਮਲਾ ਪਗਲਾ ਦੀਵਾਨਾ: ਫਿਰ ਸੇ' ਵਿੱਚ ਆਪਣੇ ਪੁੱਤਰਾਂ ਸੰਨੀ ਦਿਓਲ ਅਤੇ ਬੌਬੀ ਦਿਓਲ ਨਾਲ ਨਜ਼ਰ ਆਇਆ ਸੀ। ਦੱਸਣਾ ਬਣਦਾ ਹੈ ਕਿ ਇਹ 87 ਸਾਲਾ ਸੁਪਰਸਟਾਰ ਹਾਲ ਹੀ ਵਿੱਚ ਜ਼ੀ 5 ਸੀਰੀਜ਼ 'ਤਾਜ: ਡਿਵਾਈਡਿਡ ਬਾਇ ਬਲੱਡ' ਵਿੱਚ ਸੂਫ਼ੀ ਸੰਤ ਸਲੀਮ ਚਿਸ਼ਤੀ ਦੇ ਛੋਟੇ ਜਿਹੇ ਰੋਲ ਵਿਚ ਨਜ਼ਰ ਆਇਆ ਸੀ। ਬੌਬੀ ਨੇ ਕਿਹਾ, 'ਮੈਂ ਬਹੁਤ ਉਤਸ਼ਾਹਿਤ ਤੇ ਖੁਸ਼ ਹਾਂ। ਉਹ 87 ਸਾਲ ਦੇ ਹੋ ਗਏ ਹਨ ਪਰ ਅੱਜ ਵੀ ਜਦੋਂ ਉਹ ਕੰਮ 'ਤੇ ਜਾਂਦੇ ਹਨ ਤਾਂ ਮੈਂ ਉਨ੍ਹਾਂ ਦੇ ਚਿਹਰੇ 'ਤੇ ਖਾਸ ਖੁਸ਼ੀ ਵੇਖਦਾ ਹਾਂ... ਫਿਰ ਅਚਾਨਕ ਕੋਈ ਉਨ੍ਹਾਂ ਨੂੰ ਮਿਲਣ ਆਉਂਦਾ ਹੈ ਅਤੇ ਅਗਲੀ ਗੱਲ ਮੈਨੂੰ ਪਤਾ ਹੁੰਦੀ ਹੈ ਕਿ ਉਹ ਇਕ ਹੋਰ ਫਿਲਮ ਸਾਈਨ ਕਰਨਗੇ। ਇਸ ਉਮਰ ਵਿੱਚ ਕੰਮ ਮਿਲਣਾ ਆਸਾਨ ਨਹੀਂ ਹੈ, ਪਰ ਉਹ ਹਾਲੇ ਵੀ ਕੁਝ ਚੰਗੇ ਫਿਲਮ ਨਿਰਮਾਤਾਵਾਂ ਨਾਲ ਕੰਮ ਕਰ ਰਹੇ ਹਨ, ਇਸ ਲਈ ਮੈਂ ਖੁਸ਼ ਹਾਂ।'54 ਸਾਲਾ ਅਦਾਕਾਰ ਨੇ ਆਪਣੇ ਬੇਟੇ ਆਰੀਆਮਨ ਦੇ ਫਿਲਮਾਂ 'ਚ ਆਉਣ ਦੀ ਯੋਜਨਾ ਬਾਰੇ ਵੀ ਗੱਲ ਕੀਤੀ। ਬੌਬੀ ਨੇ ਦੱਸਿਆ ਕਿ ਦਿਓਲ ਪਰਿਵਾਰ ਇਕ ਹੋਰ ਦਿਓਲ ਨੂੰ ਵਿਰਾਸਤ ਸੰਭਾਲਣ ਲਈ ਉਤਸ਼ਾਹਿਤ ਹੈ ਪਰ ਉਨ੍ਹਾਂ ਦੀ ਹਾਲੇ ਅਜਿਹੀ ਕੋਈ ਯੋਜਨਾ ਨਹੀਂ ਹੈ।

# ਦਿਲਜੀਤ ਦੋਸਾਂਝ ਨੇ ਗੁਰਦਾਸ ਮਾਨ ਨਾਲ ਕੀਤਾ ਮਸ਼ਹੂਰ ਗੀਤ 'ਛੱਲਾ' ਦਾ ਰੀ-ਕ੍ਰੀਏਟ



ਮੋਹਾਲੀ-ਪੰਜਾਬੀ ਗਾਇਕ ਗੁਰਦਾਸ ਮਾਨ ਅਤੇ ਦਿਲਜੀਤ ਦੋਸਾਂਝ ਨੇ ਇਕੱਠੇ ਕੰਮ ਕਰ ਕੇ ਫੈਨਜ਼ ਦਾ ਦਿਲ ਜਿੱਤ ਲਿਆ ਹੈ। ਪੰਜਾਬ ਦੇ ਦੋਵਾਂ ਦਿੱਗਜ਼ ਗਾਇਕਾਂ ਦੀ ਜੋੜੀ ਨੂੰ ਇਕੱਠੇ ਦੇਖ ਕੇ ਸਰੋਤਿਆਂ ਵਲੋਂ ਖੂਬ ਵਾਹ-ਵਾਹ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਦਿਲਜੀਤ ਦੋਸਾਂਝ ਨੇ ਗੁਰਦਾਸ ਮਾਨ ਨਾਲ ਮਸ਼ਹੂਰ ਗੀਤ 'ਛੱਲਾ ਦਾ ਰੀ-ਕ੍ਰੀਏਟ' ਕੀਤਾ ਹੈ। ਗੀਤ ਨੂੰ ਸੁਣ ਕੇ ਸਰੋਤੇ ਕਾਫੀ ਜ਼ਿਆਦਾ ਖੁਸ਼ ਨਜ਼ਰ ਆ ਰਹੇ ਹਨ। ਇਸ ਬਾਰੇ ਗੁਰਦਾਸ ਮਾਨ ਨੇ ਦਿਲਜੀਤ ਦੋਸਾਂਝ ਨਾਲ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ। ਜਿਸ ਵਿਚ ਉਨ੍ਹਾਂ ਨੇ ਆਪਣਾਂ ਨਵਾਂ ਗੀਤ ਛੱਲਾ ਸੁਣਨ ਲਈ ਦਰਸ਼ਕਾਂ ਨੂੰ ਕਿਹਾ ਅਤੇ ਦੱਸਿਆ ਕਿ ਕਰੀਬ 40 ਸਾਲ ਬਾਅਦ ਉਨ੍ਹਾਂ ਦਿਲਜੀਤ ਦੋਸਾਂਝ ਨਾਲ ਇਸ ਗੀਤ ਦਾ ਰੀ-ਕ੍ਰੀਏਟ ਕੀਤਾ ਹੈ। ਗੁਰਦਾਸ ਮਾਨ ਅਤੇ ਦਿਲਜੀਤ ਦੋਸਾਂਝ ਉਹਨਾਂ ਕਲਾਕਾਰਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਪੰਜਾਬੀ ਫ਼ਿਲਮ ਅਤੇ ਮਿਊਜ਼ਿਕ ਇੰਡਸਟਰੀ ਦਾ ਨਾਮ ਪੂਰੀ ਦੁਨੀਆਂ ਵਿੱਚ ਅੱਗੇ ਰੱਖਿਆ ਹੈ। ਉਨ੍ਹਾਂ ਦੀ ਗਾਇਕੀ ਦੇ ਪ੍ਰਸ਼ੰਸਕ ਸਿਰਫ ਪੰਜਾਬ ਜਾਂ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਬੈਠੇ ਹਨ।

# ਕੰਗਨਾ ਰਣੌਤ ਦੀ 'ਚਿਤਾਵਨੀ' ਮਗਰੋਂ ਦਿਲਜੀਤ ਦੋਸਾਂਝ ਦਾ ਪਲਟਵਾਰ



ਮੁੰਬਈ-ਪੰਜਾਬ ਪੁਲਿਸ ਵੱਲੋਂ ਸਿੱਖ ਪ੍ਰਚਾਰਕ ਅਤੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖ਼ਿਲਾਫ਼ ਹਾਲ ਹੀ 'ਚ ਕਾਰਵਾਈਆਂ ਸ਼ੁਰੂ ਕੀਤੀ ਗਈਆਂ। ਇਸ ਦੌਰਾਨ ਬਾਲੀਵੁੱਡ ਦੀ ਕੰਟਰੋਵਰਸੀ ਕੁਈਨ ਦੇ ਨਾਮ ਨਾਲ ਜਾਣੀ ਜਾਂਦੀ ਕੰਗਨਾ ਰਣੌਤ ਨੇ ਆਪਣਾ ਅਧਿਕਾਰਿਤ ਟਵਿੱਟਰ ਅਕਾਊਂਟ ਬਹਾਲ ਹੁੰਦਿਆਂ ਪ੍ਰਸਿੱਧ ਪੰਜਾਬੀ ਕਲਾਕਾਰ ਦਿਲਜੀਤ ਦੋਸਾਂਝ 'ਤੇ ਨਿਸ਼ਾਨਾ ਸਾਧਿਆ ਹੈ। ਅਦਾਕਾਰਾ ਕੰਗਨਾ ਨੇ ਵੱਖਵਾਦੀਆਂ ਦਾ ਸਮਰਥਨ ਕਰਨ ਦੇ ਇਲਜ਼ਾਮ 'ਚ ਦਿਲਜੀਤ ਦੋਸਾਂਝ ਨੂੰ ਗ੍ਰਿਫ਼ਤਾਰੀ ਦੀ ਚਿਤਾਵਨੀ ਦਿੱਤੀ ਹੈ। ਹੁਣ ਇਸ ਦੇ ਜਵਾਬ ਵਿੱਚ ਦਿਲਜੀਤ ਨੇ ਵੀ ਇੱਕ ਪੋਸਟ ਸ਼ੇਅਰ ਕੀਤਾ ਹੈ। ਕੰਗਨਾ ਰਣੌਤ ਦੀਆਂ ਗੱਲਾਂ ਦਾ ਦਿਲਜੀਤ ਦੋਸਾਂਝ ਨੇ ਕਰਾਰਾ ਜਵਾਬ ਦਿੱਤਾ ਹੈ। ਦੋਸਾਂਝਾਵਲਾ ਨੇ ਆਪਣੀ ਸੋਸ਼ਲ ਮੀਡੀਆ ਸਟੋਰੀ 'ਤੇ ਪੰਜਾਬੀ 'ਚ ਲਿਖਿਆ 'ਮੇਰਾ ਪੰਜਾਬ ਵਧਦਾ-ਫੁੱਲਦਾ ਰਹੇ'। ਪੰਜਾਬੀ ਗਾਇਕ ਅਤੇ ਅਦਾਕਾਰ ਨੇ ਆਪਣੀ ਪੋਸਟ ਵਿੱਚ ਹੱਥ ਜੋੜਿਆ ਇਮੋਜੀ ਵੀ ਸਾਂਝਾ ਕੀਤਾ ਹੈ। ਹਾਲਾਂਕਿ ਦਿਲਜੀਤ ਨੇ ਕੰਗਨਾ ਦੀ ਪੋਸਟ 'ਤੇ ਸਿੱਧੇ ਤੌਰ 'ਤੇ ਕੁਝ ਨਹੀਂ ਕਿਹਾ ਹੈ ਪਰ ਹੁਣ ਇਹ ਸਮਝਿਆ ਜਾ ਰਿਹਾ ਕਿ ਉਨ੍ਹਾਂ ਅਸਿੱਧੇ ਤੌਰ 'ਤੇ ਆਪਣੀ ਗੱਲ ਰੱਖੀ ਹੈ। ਰਣੌਤ ਨੇ ਆਪਣੇ ਟਵੀਟ 'ਚ ਦਿਲਜੀਤ ਨੂੰ ਟੈਗ ਕਰਦੇ ਵਿਅੰਗਾਤਮਕ ਢੰਗ ਨਾਲ ਲਿਖਿਆ 'ਪੁਲਸ ਆਗਈ ਪੁਲਸ'। ਉਸਨੇ ਇੰਸਟਾਗ੍ਰਾਮ ਸਟੋਰੀ ਵਿੱਚ ਇੱਕ ਖਾਲਿਸਤਾਨੀ ਸਟਿੱਕਰ ਵੀ ਜੋੜਿਆ। ਕੰਗਨਾ ਰਣੌਤ ਨੇ ਪੰਜਾਬ ਪੁਲਿਸ ਦੀ ਕਾਰਵਾਈ ਤੋਂ ਬਾਅਦ ਇੱਕ ਹੋਰ ਇੰਸਟਾ ਸਟੋਰੀ ਵਿੱਚ ਦਿਲਜੀਤ ਦੋਸਾਂਝ ਨੂੰ ਚਿਤਾਵਨੀ ਦਿੰਦੇ ਹੋਏ ਲਿਖਿਆ, 'ਖਾਲਿਸਤਾਨੀਆਂ ਦਾ ਸਮਰਥਨ ਕਰਨ ਵਾਲੇ ਸਾਰੇ ਯਾਦ ਰੱਖੋ ਅਗਲਾ ਨੰਬਰ ਤੁਹਾਡਾ ਹੈ, ਪੁਲਸ ਆ ਗਈ ਹੈ, ਇਹ ਉਹ ਸਮਾਂ ਨਹੀਂ ਜਦੋਂ ਕੋਈ ਕੁਝ ਵੀ ਕਰਦਾ ਸੀ। ਦੇਸ਼ ਨੂੰ ਧੋਖਾ ਦੇਣ ਜਾਂ ਤੋੜਨ ਦੀ ਕੋਸ਼ਿਸ਼ ਕਰਨੀ ਮਹਿੰਗੀ ਪਵੇਗੀ ਹੁਣ ਪੁਲਸ ਇੱਥੇ ਹੈ'। ਦੱਸ ਦੇਈਏ ਕਿ ਕੰਗਨਾ ਅਤੇ ਦਿਲਜੀਤ ਪਹਿਲਾਂ ਵੀ ਸੋਸ਼ਲ ਮੀਡੀਆ 'ਤੇ ਸ਼ਾਹੀਨ ਬਾਗ ਦੇ ਪ੍ਰਦਰਸ਼ਨ ਨੂੰ ਲੈ ਕੇ ਆਹਮੋ-ਸਾਹਮਣੇ ਹੋ ਗਏ ਸਨ।

ਬੀ.ਸੀ. ਦਾ ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ

**99% ਤੋਂ ਵੱਧ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਛੋਟ ਹੈ ਪਰ ਤੁਹਾਨੂੰ ਫਿਰ ਵੀ ਘੋਸ਼ਿਤ ਕਰਨਾ ਪਵੇਗਾ**



ਬੀ.ਸੀ. ਦਾ 'ਸਪੈਕਿਉਲੇਸ਼ਨ ਅਤੇ ਵੇਕੈਂਸੀ ਟੈਕਸ' (ਸੱਟੇਬਾਜ਼ੀ ਅਤੇ ਖਾਲੀ ਘਰਾਂ ਦਾ ਟੈਕਸ) ਘੋਸ਼ਿਤ ਕਰਨ ਲਈ ਮਕਾਨ ਮਾਲਕਾਂ ਕੋਲ 31 ਮਾਰਚ ਤੱਕ ਦਾ ਸਮਾਂ ਹੈ। ਭਾਂਵੇ ਨਿਰਦੇਸ਼ਿਤ ਖੇਤਰਾਂ ਵਿੱਚ ਸਾਰੇ ਮਕਾਨ ਮਾਲਕਾਂ ਲਈ ਇਸ ਨੂੰ ਘੋਸ਼ਿਤ ਕਰਨਾ ਲਾਜ਼ਮੀ ਹੈ, ਪਰ ਬ੍ਰਿਟਿਸ਼ ਕੋਲੰਬੀਆ ਦੇ 99% ਤੋਂ ਵਧੇਰੇ ਵਾਸੀਆਂ ਨੂੰ ਇਸ ਟੈਕਸ ਦੀ ਅਦਾਇਗੀ ਨਹੀਂ ਕਰਨੀ ਪਵੇਗੀ। ਇਹ ਟੈਕਸ ਕਿਫ਼ਾਇਤੀ ਰਿਹਾਇਸ਼ੀ ਪਹਿਲਕਦਮੀਆਂ ਨੂੰ ਫੰਡ ਦੇਣ ਵਿੱਚ ਮਦਦ ਕਰਦਾ ਹੈ ਅਤੇ ਬੀ.ਸੀ. ਵਿੱਚ ਰਹਿੰਦੇ ਅਤੇ ਕੰਮ ਕਰਨ ਵਾਲੇ ਲੋਕਾਂ ਲਈ ਖਾਲੀ ਘਰਾਂ ਨੂੰ ਰਿਹਾਇਸ਼ਾਂ ਵਿੱਚ ਬਦਲਦਾ ਹੈ। 'ਹੋਮਜ਼ ਫਾਰ ਬੀ.ਸੀ.' ਯੋਜਨਾ ਦੇ ਤਹਿਤ ਬੀ.ਸੀ. ਭਰ ਵਿੱਚ 36,000 ਕਿਫ਼ਾਇਤੀ ਘਰ ਮੁਕੰਮਲ ਹੋ ਗਏ ਹਨ ਜਾਂ ਉਸਾਰੀ ਅਧੀਨ ਹਨ।

**31 ਮਾਰਚ , 2023** ਤੱਕ **gov.bc.ca/spectax** 'ਤੇ ਜਾਂ ਟੋਲ ਫ੍ਰੀ **1-833-554-2323** 'ਤੇ ਫੋਨ ਕਰਕੇ ਰਜਿਸਟਰ ਕਰੋ।

**ਘਰਾਂ ਨੂੰ ਵਧੇਰੇ ਕਿਫਾਇਤੀ ਬਣਾਉਣਾ**

BRITISH COLUMBIA

# Filmy ਸਮਾਚਾਰ

# 14 ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਵੇਗੀ 'ਮੇਰਾ ਬਾਬਾ ਨਾਨਕ'




ਫਿਲਮ ਮੇਰਾ ਬਾਬਾ ਨਾਨਕ ਦਾ ਪੋਸਟਰ ਰਿਲੀਜ਼ ਹੋ ਗਿਆ ਹੈ ਅਤੇ ਇਹ ਫਿਲਮ ਆਉਣ ਵਾਲੀ ਵਿਸਾਖੀ 14 ਅਪ੍ਰੈਲ 2023 ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋਵੇਗੀ। ਦੁਨੀਆ ਭਰ ਵਿੱਚ ਸਿੱਖ ਭਾਈਚਾਰਾ ਵਿਸਾਖੀ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਉਂਦਾ ਹੈ ਅਤੇ ਇਹ ਸਾਰਿਆਂ ਲਈ ਇੱਕ ਤੋਹਫ਼ੇ ਵਾਂਗ ਹੋਵੇਗਾ। ਵਿਸ਼ੇਸ਼ ਦਿਨ 'ਤੇ ਭਾਈਚਾਰਾ, ਇਸ ਦਿਨ ਨੂੰ ਹੋਰ ਖੁਸ਼ੀ ਅਤੇ ਮਾਣ ਨਾਲ ਮਨਾਉਣਗੇ। ਇਹ ਫਿਲਮ ਡਰੀਮਪਿਕਚਰਜ਼ ਐਂਟਰਟੇਨਮੈਂਟ ਦੇ ਬੈਨਰ ਹੇਠ ਬਣੀ ਹੈ। ਫਿਲਮ ਦਾ ਪੋਸਟਰ ਤਾਂ ਸਾਹਮਣੇ ਆ ਚੁੱਕਾ ਹੈ ਪਰ ਕਹਾਣੀ ਅਜੇ ਸਾਹਮਣੇ ਆਉਣਾ ਬਾਕੀ ਹੈ। ਫਿਲਮ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪ੍ਰਦਰਸ਼ਿਤ ਕਰੇਗੀ ਜੋ ਫਿਲਮ ਦੇ ਨਾਮ ਅਨੁਸਾਰ ਪ੍ਰਤੀਬਿੰਬਤ ਹੈ। ਇਹ ਦਰਸ਼ਕਾਂ ਨੂੰ ਵਿਸ਼ਵਾਸ ਨਾਲ ਜੋੜੇਗਾ ਅਤੇ ਧਾਰਮਿਕ ਦ੍ਰਿਸ਼ਟੀਕੋਣ ਰਾਹੀਂ ਦਿਲਾਂ ਨੂੰ ਛੂਹੇਗਾ। ਫਿਲਮ ਅਮਨਮੀਤ ਸਿੰਘ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਇਸ ਫਿਲਮ ਦੇ ਸਟਾਰ ਕਾਸਟ 'ਚ ਅਮਨਮੀਤ ਸਿੰਘ, ਵਿਕਰਮਜੀਤ ਵਿਰਕ, ਹਰਸ਼ਜੋਤ ਕੌਰ, ਹਰਪ੍ਰੀਤ ਬੈਂਸ, ਕੁਲ ਸਿੱਧੂ, ਮਿੰਟੂ ਕਾਪਾ, ਮਹਾਬੀਰ ਭੁੱਲਰ, ਤਰਸੇਮ ਪਾਲ, ਮਲਕੀਤ ਰੌਣੀ, ਸੀਮਾ ਕੌਸ਼ਲ, ਅਨੀਤਾ ਮੀਤ, ਵਰਿੰਦਰ ਵਸ਼ਿਸ਼ਟ, ਰਣਦੀਪ ਭੰਗੂ, ਅੰਮ੍ਰਿਤਪਾਲ ਬਿੱਲਾ, ਜਸਬੀਰ ਗਿੱਲ, ਨਿਮਰਤ ਪਰਤਾਪ ਸਿੰਘ, ਗੁਰਸੇਵਕ ਮੰਡੇਰ ਅਤੇ ਦਿਲਨੂਰ ਏਂਜਲ ਸ਼ਾਮਲ ਹਨ। ਫਿਲਮ ਦਾ ਨਿਰਮਾਣ ਰਾਜਾ ਲਾਇਲਪੁਰੀਆ ਅਤੇ ਹਰਮਨਦੀਪ ਸਿੰਘ ਦੁਆਰਾ ਕੀਤਾ ਗਿਆ ਹੈ ਅਤੇ ਸਤਨਾਮ ਸਿੰਘ ਢਿੱਲੋਂ ਅਤੇ ਵਿਕਰਮਜੀਤ ਵਿਰਕ ਦੁਆਰਾ ਸਹਿ-ਨਿਰਮਿਤ ਹੈ। ਗੀਤਕਾਰ ਵਿੱਚ ਅਮਰਦੀਪ ਸਿੰਘ ਗਿੱਲ, ਦੀਪ ਅਟਵਾਲ, ਅਮਰ ਜਲਾਲ ਸ਼ਾਮਲ ਹਨ। ਬੈਕਗਰਾਉਂਡ ਸਕੋਰ ਜੈਦੇਵ ਕੁਮਾਰ ਦੁਆਰਾ ਦਿੱਤਾ ਗਿਆ ਹੈ ਅਤੇ ਸੰਗੀਤ ਮਨਪਾਲ ਸਿੰਘ, ਜਸਕੀਰਤ ਸਿੰਘ ਅਤੇ ਭਾਈ ਮੰਨਾ ਸਿੰਘ ਦੁਆਰਾ ਤਿਆਰ ਕੀਤਾ ਗਿਆ ਹੈ।

## ਜਿਵੇਂ ਮੇਰਾ ਪੁੱਤ ਅਣਖ ਨਾਲ ਜਿਉਂ ਕੇ ਗਿਆ ਉਵੇਂ ਹੀ ਅਸੀਂ ਅਣਖ ਨਾਲ ਜੀਵਾਂਗੇ-ਚਰਨ ਕੌਰ




ਮਾਨਸਾ-ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ ਮੌਕੇ ਪਿਤਾ ਬਲਕੌਰ ਸਿੰਘ ਤੇ ਮਾਂ ਚਰਨ ਕੌਰ ਨੇ ਆਪਣੇ ਦਿਲ ਦੇ ਜਜ਼ਬਾਤ ਸਾਂਝੇ ਕੀਤੇ। ਮਾਤਾ ਚਰਨ ਕੌਰ ਨੇ ਭਾਵੁਕ ਹੁੰਦਿਆਂ ਕਿਹਾ ਕਿ ਅੱਜ ਵੀ ਸਾਡਾ ਦੇਸ਼ ਗੁਲਾਮ ਹੈ। ਜੇਲ੍ਹ ਵਿੱਚੋਂ ਲਾਰੈਂਸ ਵਰਗਾ ਗੈਂਗਸਟਰ ਖੁੱਲ੍ਹੇਆਮ ਵੀਡੀਓ ਕਾਲ ਕਰਕੇ ਕਹਿ ਰਿਹਾ ਹੈ ਕਿ ਕਤਲ ਉਸ ਨੇ ਕਰਵਾਇਆ ਹੈ। ਸਰਕਾਰ ਇਸ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਕਰ ਰਹੀ ਹੈ। ਅੱਜ ਪੁਲਿਸ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਲੱਗੀ ਹੋਈ ਹੈ। ਅਸੀਂ ਅੰਮ੍ਰਿਤਪਾਲ ਦੀ ਹੈਸੀਅਤ ਨਹੀਂ ਜਾਣਦੇ। ਸਰਕਾਰ ਉਸ ਨੂੰ ਕਿਸੇ ਹੋਰ ਦਿਨ ਵੀ ਗ੍ਰਿਫਤਾਰ ਕਰ ਸਕਦੀ ਸੀ। ਜੇਕਰ ਮਾਮਲਾ ਦਰਜ ਕਰਨਾ ਸੀ ਤਾਂ ਅਜਨਾਲਾ 'ਚ ਜਿਸ ਦਿਨ ਇਹ ਘਟਨਾ ਵਾਪਰੀ ਸੀ, ਉਸ ਦਿਨ ਕਿਉਂ ਨਹੀਂ ਕੀਤਾ ਗਿਆ? ਸਰਕਾਰ ਨੇ ਇਹ ਕਾਰਾ ਸਿੱਧੂ ਦੀ ਬਰਸੀ ਨੂੰ ਵਿਗਾੜਨ ਕਰਕੇ ਕੀਤਾ ਹੈ। ਚਰਨ ਕੌਰ ਨੇ ਕਿਹਾ ਕਿ ਜੇਕਰ ਉਸ ਦੇ ਲੜਕੇ ਨੇ ਕਿਸੇ ਦਾ ਕਤਲ ਕੀਤਾ ਹੈ ਤਾਂ ਜੇਕਰ ਕੋਈ ਸਾਬਤ ਕਰ ਦਿੰਦਾ ਹੈ ਤਾਂ ਉਹ ਅਤੇ ਉਸ ਦਾ ਪਤੀ ਬਲਕੌਰ ਸਿੰਘ ਪੁੱਤਰ ਤੋਂ ਬਾਅਦ ਸਜ਼ਾ ਭੁਗਤਣ ਲਈ ਤਿਆਰ ਹਨ। ਜਿਵੇਂ ਮੇਰਾ ਪੁੱਤ ਅਣਖ ਨਾਲ ਜਿਉਂ ਕੇ ਗਿਆ ਉਵੇਂ ਹੀ ਅਸੀਂ ਅਣਖ ਨਾਲ ਜੀਵਾਂਗੇ ਭਾਵੇਂ ਕੱਲ੍ਹ ਨੂੰ ਗੋਲੀ ਵੱਜਦੀ ਹੁਣ ਵੱਜ ਜਾਵੇ ਕੋਈ ਪ੍ਰਵਾਹ ਨਹੀਂ ਹੈ।




# 'ਏਸ ਜਹਾਨੋਂ ਦੂਰ ਕਿਤੇ-ਚੱਲ ਜਿੰਦੀਏ' 7 ਅਪ੍ਰੈਲ ਨੂੰ ਰਿਲੀਜ਼ ਹੋਵੇਗੀ ਫ਼ਿਲਮ

ਚੰਡੀਗੜ੍ਹ-ਘੈਂਟ ਬੁਆਏਜ਼ ਐਂਟਰਟੇਨਮੈਂਟ ਤੇ ਨੀਰੂ ਬਾਜਵਾ ਐਂਟਰਟੇਨਮੈਂਟ ਵਲੋਂ ਪੇਸ਼ ਕੀਤੀ ਗਈ ਅਤੇ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਵਲੋਂ ਬਣਾਈ ਗਈ ਫ਼ਿਲਮ 'ਏਸ ਜਹਾਨੋਂ ਦੂਰ ਕਿਤੇ-ਚੱਲ ਜਿੰਦੀਏ' 7 ਅਪ੍ਰੈਲ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਇਸ ਫ਼ਿਲਮ ਨੂੰ ਪੰਜਾਬ 'ਚ ਚੱਲ ਰਹੇ ਹਾਲਾਤ ਦੇ ਮੱਦੇਨਜ਼ਰ ਅੱਗੇ ਕਰ ਦਿੱਤਾ ਗਿਆ ਸੀ। ਇਸ ਵਿਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ, ਅਤੇ ਰੁਪਿੰਦਰ ਰੂਪੀ ਮੁੱਖ ਭੂਮਿਕਾ ਵਿਚ ਨਜ਼ਰ ਆਉਣਗੇ। ਫ਼ਿਲਮ ਦੀ ਟੀਮ ਨੇ ਇਸ ਪ੍ਰਤੀ ਆਪਣੀ ਉਤਸੁਕਤਾ ਜ਼ਾਹਿਰ ਕਰਦਿਆਂ ਕਿਹਾ ਕਿ ਫ਼ਿਲਮ ਵਿਚ ਦੇਸ਼ ਪ੍ਰਤੀ ਪਿਆਰ ਅਤੇ ਵਿਛੋੜੇ ਦਾ ਦਰਦ ਦੋਵੇਂ ਦਿਖਾਇਆ ਗਿਆ ਹੈ। ਇਕ ਸਫਲ ਫਿਲਮ ਦੇ ਨਿਰਦੇਸ਼ਕ ਆਪਣੀ ਕਲਪਨਾ ਵਿਚਲੀ ਤਸਵੀਰ ਨੂੰ ਦਰਸ਼ਕਾਂ ਦੇ ਸਾਹਮਣੇ ਜੀਵਿਤ ਕਰਨ ਵਿੱਚ ਇੱਕ ਵੱਡਾ ਯੋਗਦਾਨ ਪਾਉਂਦੇ ਹਨ। ਐਸੀ ਹੀ ਸ਼ਖ਼ਸੀਅਤ ਉਦੈ ਪ੍ਰਤਾਪ ਸਿੰਘ ਜੋ ਇੱਕ ਨਵੀਂ ਪੰਜਾਬੀ ਫਿਲਮ 'ਏਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ' ਦੇ ਨਾਲ, ਵਿਦੇਸ਼ਾਂ ਵਿੱਚ ਰਹਿੰਦੇ ਲੋਕਾਂ ਦਾ ਆਪਣੇ ਦੇਸ਼ ਪ੍ਰਤੀ ਪਿਆਰ ਅਤੇ ਮੁੜ ਵਾਪਿਸ ਆਉਣ ਦੀ ਚਾਹ ਨਾਲ ਰੂਬਰੂ ਕਰਵਾਉਂਦੇ ਹਨ। ਉਦੈ ਪ੍ਰਤਾਪ ਸਿੰਘ ਇੱਕ ਮਸ਼ਹੂਰ ਨਿਰਦੇਸ਼ਕ ਹੈ ਜਿਸਨੇ ਮਾਂ ਦਾ ਲਾਡਲਾ ਅਤੇ ਦਿਲ ਦੀਆਂ ਗੱਲਾਂ ਸਮੇਤ ਕਈ ਫਿਲਮਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਨੂੰ ਸਿਨੇਮਾਘਰਾਂ ਵਿੱਚ ਬਹੁਤ ਸ਼ਲਾਘਾਯੋਗ ਹੁੰਗਾਰਾ ਮਿਲਿਆ। ਉਦੈ ਪ੍ਰਤਾਪ ਸਿੰਘ ਇੱਕ ਐਸੇ ਨਿਰਦੇਸ਼ਕ ਹਨ ਜੋ ਆਪਣੇ ਕੰਮ ਦੇ ਮਾਮਲੇ ਵਿਚ ਐਨੇ ਅਟੱਲ ਹਨ ਕਿ ਉਹ ਕਿਰਦਾਰ ਅਤੇ ਕਹਾਣੀ ਦੀ ਹਰ ਬਾਰੀਕੀ ਨੂੰ ਇੱਕ ਨਵੀ ਪਹਿਚਾਣ ਦੇ ਦਿੰਦੇ ਨੇ ਜੋ ਦਰਸ਼ਕਾਂ ਨੂੰ ਛੂਹ ਜਾਂਦੀ ਹੈ। ਕਹਾਣੀ ਬਾਰੇ ਗੱਲ ਕਰੀਏ ਤਾਂ, ਇਹ ਫਿਲਮ ਆਪਣੇ ਜੱਦੀ ਦੇਸ਼ ਅਤੇ ਆਪਣੇ ਪਿਆਰਿਆਂ ਨੂੰ ਛੱਡ ਕੇ ਦੂਜੇ ਦੇਸ਼ਾਂ ਦੀ ਯਾਤਰਾ ਨਾਲ ਸ਼ੁਰੂ ਹੁੰਦੀ ਹੈ, ਜਿੱਥੇ ਉਹਨਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫ਼ਿਲਮ ਦਾ ਸੰਗੀਤ ਵਿਹਲੀ ਜਨਤਾ ਰਿਕਾਰਡਜ਼ ਦੇ ਲੇਬਲ ਹੇਠ ਪੇਸ਼ ਕੀਤਾ ਗਿਆ ਹੈ ਅਤੇ ਬੈਕਗ੍ਰਾਊਂਡ ਸਕੋਰ ਰਾਜੂ ਸਿੰਘ ਨੇ ਦਿੱਤਾ ਹੈ। ਫਿਲਮ ਬਾਰੇ ਉਦੈ ਪ੍ਰਤਾਪ ਸਿੰਘ ਕਹਿੰਦੇ ਹਨ, ਮੈਂ ਫਿਲਮ ਦੀ ਕਹਾਣੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਫਿਲਮ ਦੇ ਲੇਖਕ ਜਗਦੀਪ ਵੜਿੰਗ ਅਜਿਹੀ ਅਸਲੀਅਤ 'ਤੇ ਚਾਨਣਾ ਪਾਉਣ ਲਈ ਸਭ ਤੋਂ ਵੱਧ ਪ੍ਰਸ਼ੰਸਾ ਦੇ ਹੱਕਦਾਰ ਹਨ ਕਿ ਸਾਡੇ ਅਜ਼ੀਜ਼ ਆਮ ਤੌਰ 'ਤੇ ਆਪਣੀ ਜਨਮ ਭੂਮੀ ਤੋਂ ਦੂਰ ਚਲੇ ਜਾਂਦੇ ਹਨ। ਫਿਲਮ ਦਾ ਨਿਰਦੇਸ਼ਨ ਕਰਨਾ, ਇੱਕ ਬੇਮਿਸਾਲ ਭਾਵਨਾਤਮਕ ਤਜਰਬਾ ਸੀ ਅਤੇ ਅਜਿਹੇ ਸਮਰਪਿਤ ਕਾਸਟ ਦੇ ਨਾਲ ਕੰਮ ਕਰਨਾ ਮੈਨੂੰ ਬਹੁਤ ਹੀ ਮਾਣ ਮਹਿਸੂਸ ਕਰਵਾਉਂਦਾ ਹੈ।




ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

**Number 1 in the Community for 25 Years.**

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

**OPEN 7 DAYS**

ICBC autoplan www.goldkeyinsurance.ca

# Rajan MANGOES
NOW AVAILABLE ONLY AT
fruiticana
SINCE 1994

fruiticana hee jaana!

## LOWEST PRICES IN TOWN

### EXTRA EXTRA SUPER SPECIAL
Available Only at Fruiticana
**Rajan Haden Mangoes 4 kg**
ਰਾਜਨ ਹੇਡਨ ਅੰਬ
$16.99 box

### EXTRA SUPER SUPER SPECIAL
**Jumbo Size Cauliflower Size 9**
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.

**Regular Large Eggplant**
ਵੱਡੇ ਬਤਾਊਂ
99¢ ea.

SUPER SPECIAL
**Red Onions 25 lbs**
ਲਾਲ ਗੰਢੇ
$9.98 bag

SUPER SPECIAL
**Indian Eggplants**
ਦੇਸੀ ਬਤਾਊਂ
99¢ lb

**Indiasay Brown Basmati Rice 8 lbs**
ਇੰਡੀਆਸੇ ਬਰਾਊਨ ਰਾਈਸ
$9.99 bag

**Almond Oil 1 L (Indican)**
ਇੰਡੀਕੈਂਨ ਬਦਾਮ ਦਾ ਤੇਲ
$12.99 bottle

SUPER SPECIAL
**Cilantro**
ਧਨੀਆ
2 bunches for 99¢

SUPER SPECIAL
**Mexican Okra Extra Fancy**
ਮੈਕਸੀਕਨ ਭਿੰਡੀ ਐਕਸਟਰਾ ਫੈਂਸੀ
$2.99 lb

**Black Chana, Chana Dal & Red Lentil Whole 4 lbs (Indican)**
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ ( ਇੰਡੀਕੈਂਨ )
$3.88 bag

**Large Seedless Oranges**
ਵੱਡੇ ਸੰਤਰੇ ( ਬਿਨਾ ਬੀਜ ਤੋਂ )
99¢ lb

SUPER SPECIAL
**Sher Besan (Chana Flour) 4lbs**
ਸ਼ੇਰ ਵੇਸਣ
$3.98 bag

SUPER SPECIAL
**Roma & Reg. Round Tomatoes**
ਰੋਮਾ ਜਾਂ ਗੋਲ ਟਮਾਟਰ
99¢ lb

**Russet Potatoes Snoboy 10 lbs USA #1**
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag

**Green Cardamom (Elaichi) FG**
ਹਰੀ ਇਲਾਇਚੀ ਐੱਫ ਜੀ
$13.99 lb

**Indican Assam Tea 216's**
ਇੰਡੀਕੈਂਨ ਅਸਾਮ ਚਾਹ
$7.99 box

**Green & Red Seedless Grapes**
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb

**Pink Lady Apples**
ਪੀਂਕ ਲੇਡੀ ਐਪਲ
$1.49 lb

**Fresh Garlic**
ਤਾਜ਼ਾ ਲਸਣ
98¢ lb

**Gachak Indican 400 g**
ਇੰਡੀਕੈਂਨ ਗੱਚਕ
$1.99 pkg.

**Almonds #1**
ਬਦਾਮ
$3.98 lb

**Opo Squash**
ਓਪੋ ਕੱਦੂ
99¢ lb

**Yellow Onions 50 lbs**
ਪੀਲੇ ਗੰਢੇ
$12.98 bag

**Daikon (Moli)**
ਮੂਲੀ
99¢ lb

**Sohna Saag 850 g**
ਸੋਹਨਾ ਪਾਲਕ 850g
$2.99 can

**Fri Mar 24, 2023 - Wed Mar 29, 2023**
We reserve the right to limit the quantities while they last
**Specials valid for Lower Mainland only**
Product images may differ from the actual product.

**22 LOCATIONS TO SERVE YOU**
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |